HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 18.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in


Vol.11 | July 2024 | Published in Punjab | Pages 8

## ਬੈਂਕ ਧੋਖਾਧੜੀ ਮਾਮਲਾ: ਹਰਿਆਣਾ 'ਚ ਕਾਂਗਰਸੀ ਵਿਧਾਇਕ ਰਾਓ ਦਾਨ ਸਿੰਘ ਦੇ ਘਰ ED ਦਾ ਛਾਪਾ



ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ 1,392 ਕਰੋੜ ਰੁਪਏ ਦੇ ਬੈਂਕ ਕਰਜ਼ ਧੋਖਾਧੜੀ ਮਾਮਲੇ ਨਾਲ ਜੁੜੀ ਮਨੀ ਲਾਂਡਰਿੰਗ ਦੇ ਸਿਲਸਿਲੇ ਵਿਚ ਹਰਿਆਣਾ ਤੋਂ ਕਾਂਗਰਸ ਵਿਧਾਇਕ ਰਾਓ ਦਾਨ ਸਿੰਘ, ਇਕ ਧਾਤੂ ਨਿਰਮਾਣ ਕੰਪਨੀ ਅਤੇ ਉਸ ਦੇ ਪ੍ਰਮੋਟਰਾਂ ਦੇ ਟਿਕਾਣਿਆਂ 'ਤੇ ਵੀਰਵਾਰ ਨੂੰ ਛਾਪੇਮਾਰੀ ਕੀਤੀ ਗਈ।ਕੇਂਦਰੀ ਏਜੰਸੀ ਦੇ ਗੁਰੂਗ੍ਰਾਮ ਦਫਤਰ ਦੇ ਅਧਿਕਾਰੀਆਂ ਨੇ ਹਰਿਆਣਾ ਦੇ ਮਹਿੰਦਰਗੜ੍ਹ, ਬਹਾਦੁਰਗੜ੍ਹ ਅਤੇ ਗੁਰੂਗ੍ਰਾਮ ਅਤੇ ਦਿੱਲੀ ਅਤੇ ਜਮਸ਼ੇਦਪੁਰ ਸਮੇਤ ਲਗਭਗ 15 ਥਾਵਾਂ 'ਤੇ ਤਲਾਸ਼ੀ ਲਈ। ਸੂਤਰਾਂ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੇ ਟਿਕਾਣਿਆਂ ਦੀ ਤਲਾਸ਼ੀ ਲਈ ਗਈ, ਉਨ੍ਹਾਂ ਵਿਚ ਮਹਿੰਦਰਗੜ੍ਹ ਖੇਤਰ ਦੇ 65 ਸਾਲਾ ਵਿਧਾਇਕ ਸਿੰਘ, ਉਨ੍ਹਾਂ ਦੇ ਪੁੱਤਰ ਅਕਸ਼ਤ ਸਿੰਘ, ਅਲਾਇਡ ਸਟ੍ਰਿਪਸ ਲਿਮਟਿਡ (ASL) ਕੰਪਨੀ ਅਤੇ ਇਸ ਦੇ ਪ੍ਰਮੋਟਰ ਮਹਿੰਦਰ ਅਗਰਵਾਲ, ਗੌਰਵ ਅਗਰਵਾਲ ਅਤੇ ਹੋਰ ਸ਼ਾਮਲ ਹਨ।ASL 'ਸਟੀਲ ਰੋਲ' ਉਤਪਾਦ ਦਾ ਨਿਰਮਾਣ ਕਰਦੀ ਹੈ। ਇਸ ਕੰਪਨੀ 'ਤੇ 1,392 ਕਰੋੜ ਰੁਪਏ ਦੇ ਬੈਂਕ ਕਰਜ਼ ਧੋਖਾਧੜੀ ਮਾਮਲੇ 'ਚ ਸ਼ਾਮਲ ਹੋਣ ਦਾ ਦੋਸ਼ ਹੈ। ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ) ਨੇ 2022 ਵਿਚ ਕੰਪਨੀ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਸੂਤਰਾਂ ਅਨੁਸਾਰ ਅਜਿਹਾ ਦੋਸ਼ ਹੈ ਕਿ ਰਾਓ ਦਾਨ ਸਿੰਘ ਦੇ ਪਰਿਵਾਰ ਅਤੇ ਉਸ ਦੀਆਂ ਕੰਪਨੀਆਂ ਨੇ ASL ਤੋਂ ਕਰਜ਼ਾ ਲਿਆ ਸੀ ਪਰ ਉਨ੍ਹਾਂ ਨੂੰ ਕਦੇ ਵਾਪਸ ਨਹੀਂ ਕੀਤਾ ਅਤੇ ਬਾਅਦ ਵਿਚ ਇਸ ਕਰਜ਼ੇ ਮੁਆਫ਼ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਕਾਂਗਰਸ ਵਿਧਾਇਕ ਰਾਓ ਦਾਨ ਸਿੰਘ ਨੂੰ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੂਪੇਂਦਰ ਸਿੰਘ ਹੁੱਡਾ ਦਾ ਬੇਹੱਦ ਕਰੀਬੀ ਮੰਨਿਆ ਜਾਂਦਾ ਹੈ। ਦੋਵਾਂ ਦਾ ਰਿਸ਼ਤਾ ਕਿਸੇ ਤੋਂ ਲੁਕਿਆ ਨਹੀਂ ਹੈ। ਅਜਿਹੇ 'ਚ ਹਰਿਆਣਾ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਈਡੀ ਦੀ ਕਾਰਵਾਈ ਸੁਰਖੀਆਂ 'ਚ ਹੈ। ਦੱਸ ਦੇਈਏ ਕਿ ਰਾਓ ਦਾਨ ਸਿੰਘ ਨੇ 2024 ਦੀ ਲੋਕ ਸਭਾ ਚੋਣ ਵੀ ਲੜੀ ਸੀ। ਕਾਂਗਰਸ ਨੇ ਉਨ੍ਹਾਂ ਨੂੰ ਮਹਿੰਦਰਗੜ੍ਹ ਭਿਵਾਨੀ ਲੋਕ ਸਭਾ ਸੀਟ ਤੋਂ ਉਮੀਦਵਾਰ ਬਣਾਇਆ ਸੀ। ਇਸ ਚੋਣ ਵਿਚ ਉਨ੍ਹਾਂ ਦਾ ਸੰਸਦ ਮੈਂਬਰ ਧਰਮਵੀਰ ਸਿੰਘ ਨਾਲ ਵੀ ਸਖ਼ਤ ਟੱਕਰ ਸੀ, ਹਾਲਾਂਕਿ ਉਹ ਚੋਣ ਹਾਰ ਗਏ ਸਨ।

## ਕੰਗਨਾ ਰਣੌਤ ਨੇ ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾਨੰਦ 'ਤੇ ਸਾਧਿਆ ਨਿਸ਼ਾਨਾ, ਪੋਸਟ 'ਚ ਲਿਖਿਆ ਇਹ



ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਆਪਣੇ ਬੇਬਾਕ ਬਿਆਨਾਂ ਲਈ ਮਸ਼ਹੂਰ ਹੈ। ਮੁੱਦਾ ਜੋ ਵੀ ਹੋਵੇ, ਅਦਾਕਾਰਾ ਆਪਣੀ ਰਾਏ ਜ਼ਰੂਰ ਪ੍ਰਗਟ ਕਰਦੀ ਹੈ। ਕੰਗਨਾ ਅਕਸਰ ਆਪਣੇ ਸਿੱਧੇ ਜਵਾਬਾਂ ਨੂੰ ਲੈ ਕੇ ਸੁਰਖੀਆਂ 'ਚ ਰਹਿੰਦੀ ਹੈ। ਇਕ ਵਾਰ ਫਿਰ ਕੰਗਨਾ ਰਣੌਤ ਸੋਸ਼ਲ ਮੀਡੀਆ 'ਤੇ ਸੁਰਖੀਆਂ 'ਚ ਹੈ। ਉਨ੍ਹਾਂ ਨੇ ਇਕ ਵਾਰ ਫਿਰ ਬੇਬਾਕ ਬਿਆਨ ਦਿੱਤਾ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਸ਼ੰਕਰਾਚਾਰੀਆ ਸਵਾਮੀ ਵਿਚਾਲੇ ਚੱਲ ਰਹੇ ਵਿਵਾਦ 'ਚ ਕੰਗਨਾ ਨੇ ਬਿਆਨ ਦਿੱਤਾ ਹੈ। ਮੁੱਖ ਮੰਤਰੀ ਦਾ ਸਮਰਥਨ ਕਰਦੇ ਹੋਏ ਕੰਗਨਾ ਨੇ ਇਕ ਪੋਸਟ ਲਿਖੀ ਹੈ ਜਿਸ ਨੇ ਇੰਟਰਨੈੱਟ 'ਤੇ ਇਕ ਵੱਖਰੀ ਬਹਿਸ ਛੇੜ ਦਿੱਤੀ ਹੈ। ਦਰਅਸਲ, ਇਸ ਵਾਰ ਕੰਗਨਾ ਰਣੌਤ ਦਾ ਨਿਸ਼ਾਨਾ ਕੋਈ ਹੋਰ ਨਹੀਂ ਸਗੋਂ ਉੱਤਰਾਖੰਡ ਦੇ ਸ਼ਕਤੀਪੀਠ ਦੇ ਜਯੋਤੀਰਮਠ ਦੇ ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾਨੰਦ ਹਨ। ਅਦਾਕਾਰਾ ਨੇ ਸ਼ੰਕਰਾਚਾਰੀਆ ਸਵਾਮੀ ਬਾਰੇ ਆਪਣੇ ਸਾਬਕਾ ਖਾਤੇ 'ਤੇ ਇਕ ਪੋਸਟ ਸ਼ੇਅਰ ਕੀਤੀ ਹੈ।

### ਕੀ ਹੈ ਪੂਰਾ ਮਾਮਲਾ?

ਜ਼ਿਕਰਯੋਗ ਹੈ ਕਿ ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਨੇ ਸੋਮਵਾਰ (15 ਜੁਲਾਈ) ਨੂੰ ਉਧਵ ਠਾਕਰੇ ਨਾਲ ਉਨ੍ਹਾਂ ਦੀ ਰਿਹਾਇਸ਼ ਮਾਤੋਸ਼੍ਰੀ 'ਤੇ ਮੁਲਾਕਾਤ ਕੀਤੀ ਸੀ। ਇਸ ਮੌਕੇ ਸ਼ੰਕਰਾਚਾਰੀਆ ਦਾ ਆਸ਼ੀਰਵਾਦ ਲੈਣ ਲਈ ਪੂਰਾ ਠਾਕਰੇ ਪਰਿਵਾਰ ਉੱਥੇ ਮੌਜੂਦ ਸੀ। ਇਸ ਮੁਲਾਕਾਤ ਤੋਂ ਬਾਅਦ ਸ਼ੰਕਰਾਚਾਰੀਆ ਨੇ ਮੀਡੀਆ ਨੂੰ ਇਕ ਬਿਆਨ ਦਿੱਤਾ, ਜਿਸ 'ਚ ਉਨ੍ਹਾਂ ਨੇ ਉਧਵ ਠਾਕਰੇ ਦੀ ਤਾਰੀਫ ਕੀਤੀ ਅਤੇ ਮੁੱਖ ਮੰਤਰੀ ਸ਼ਿੰਦੇ ਦੀ ਆਲੋਚਨਾ ਕੀਤੀ।

### ਅਵਿਮੁਕਤੇਸ਼ਵਰਾਨੰਦ ਨੇ ਆਪਣੀ ਇੱਛਾ ਕੀਤੀ ਪ੍ਰਗਟ

ਸ਼ੰਕਰਾਚਾਰੀਆ ਨੇ ਕਿਹਾ ਕਿ ਉਧਵ ਠਾਕਰੇ ਨਾਲ ਬਹੁਤ ਧੋਖਾ ਹੋਇਆ ਹੈ। ਉਨ੍ਹਾਂ ਨੇ ਆਪਣੀ ਇੱਛਾ ਜ਼ਾਹਰ ਕਰਦਿਆਂ ਇਹ ਵੀ ਕਿਹਾ ਕਿ ਉਧਵ ਠਾਕਰੇ ਜਲਦੀ ਹੀ ਦੁਬਾਰਾ ਮੁੱਖ ਮੰਤਰੀ ਬਣਨ। ਅੱਗੇ, ਅਵਿਮੁਕਤੇਸ਼ਵਰਾਨੰਦ ਨੇ ਕਿਹਾ ਕਿ ਸਨਾਤਨ ਧਰਮ 'ਚ ਵਿਸ਼ਵਾਸਘਾਤ ਇੱਕ ਵੱਡਾ ਪਾਪ ਹੈ। ਉਧਵ ਠਾਕਰੇ ਨੂੰ ਧੋਖਾ ਦਿੱਤਾ ਗਿਆ ਹੈ, ਜਿਸ ਤਰ੍ਹਾਂ ਨਾਲ ਇਕ ਹਿੰਦੂਤਵ ਪਾਰਟੀ ਨੂੰ ਧੋਖਾ ਦੇ ਕੇ ਤੋੜਿਆ ਗਿਆ ਅਤੇ ਉਧਵ ਠਾਕਰੇ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਇਆ ਗਿਆ, ਉਹ ਠੀਕ ਨਹੀਂ ਹੈ। ਜਦੋਂ ਤੱਕ ਉਹ ਮੁੜ ਮੁੱਖ ਮੰਤਰੀ ਦਾ ਅਹੁਦਾ ਨਹੀਂ ਸੰਭਾਲਦੇ, ਉਦੋਂ ਤੱਕ ਸਾਡੇ ਸਾਰਿਆਂ ਦੇ ਦਿਲਾਂ ਦਾ ਦਰਦ ਦੂਰ ਨਹੀਂ ਹੋ ਸਕਦਾ।

### ਕੰਗਨਾ ਨੇ ਏਕਨਾਥ ਸ਼ਿੰਦੇ ਦਾ ਲਿਆ ਪੱਖ

ਹੁਣ ਅਦਾਕਾਰਾ ਕੰਗਨਾ ਰਣੌਤ ਨੇ ਏਕਨਾਥ ਸ਼ਿੰਦੇ ਦਾ ਪੱਖ ਲੈਂਦੇ ਹੋਏ ਇਸ 'ਤੇ ਇਕ ਪੋਸਟ ਸ਼ੇਅਰ ਕੀਤੀ ਹੈ, ਜਿਸ ਤੋਂ ਬਾਅਦ ਪਾਰਟੀ ਅਤੇ ਵਿਰੋਧੀ ਧਿਰ ਇਕ-ਦੂਜੇ 'ਤੇ ਹਮਲਾ ਕਰਨ ਤੋਂ ਪਿੱਛੇ ਨਹੀਂ ਹਟ ਰਹੇ ਹਨ। ਇਸ ਦੇ ਨਾਲ ਹੀ ਸੋਸ਼ਲ ਮੀਡੀਆ 'ਤੇ ਇਸ ਦੀ ਚਰਚਾ ਵੀ ਸ਼ੁਰੂ ਹੋ ਗਈ ਹੈ।

## AirIndia ਨੇ ਕੱਢੀ 2200 ਦੀ ਭਰਤੀ , ਇੰਟਰਵਿਊ ਲਈ ਪਹੁੰਚ ਗਏ 25 ਹਜ਼ਾਰ ਉਮੀਦਵਾਰ, ਮਚੀ ਭਗਦੜ



ਮੁੰਬਈ ਵਿੱਚ ਮੰਗਲਵਾਰ 16 ਜੁਲਾਈ ਨੂੰ ਏਅਰਪੋਰਟ ਲੋਡਰ ਦੀਆਂ 2,216 ਅਸਾਮੀਆਂ ਲਈ 25 ਹਜ਼ਾਰ ਤੋਂ ਵੱਧ ਉਮੀਦਵਾਰ ਇੰਟਰਵਿਊ ਲਈ ਪਹੁੰਚੇ। ਇਸ ਕਾਰਨ ਮੁੰਬਈ ਹਵਾਈ ਅੱਡੇ 'ਤੇ ਭਗਦੜ ਵਰਗੀ ਸਥਿਤੀ ਬਣ ਗਈ। ਏਅਰ ਇੰਡੀਆ ਦੇ ਕਰਮਚਾਰੀਆਂ ਨੂੰ ਭੀੜ ਨੂੰ ਕਾਬੂ ਕਰਨ ਲਈ ਕਾਫੀ ਮਿਹਨਤ ਕਰਨੀ ਪਈ।ਨਕਰੀਆਂ ਲਈ ਪੁੱਜੇ ਉਮੀਦਵਾਰਾਂ ਦੀਆਂ ਕਈ ਫੋਟੋਆਂ ਅਤੇ ਵੀਡੀਓਜ਼ ਵੀ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਨੌਜਵਾਨਾਂ ਦੀ ਭਾਰੀ ਭੀੜ ਨਜ਼ਰ ਆ ਰਹੀ ਹੈ। ਉਮੀਦਵਾਰ ਫਾਰਮ ਕਾਊਂਟਰ ਤੱਕ ਪਹੁੰਚਣ ਲਈ ਧੱਕਾ-ਮੁੱਕੀ ਕਰਦੇ ਨਜ਼ਰ ਆ ਰਹੇ ਹਨ। ਰਿਪੋਰਟਾਂ ਅਨੁਸਾਰ ਬਿਨੈਕਾਰਾਂ ਨੂੰ ਬਿਨਾਂ ਭੋਜਨ ਅਤੇ ਪਾਣੀ ਦੇ ਘੰਟਿਆਂ ਤੱਕ ਇੰਤਜ਼ਾਰ ਕਰਨਾ ਪਿਆ। ਅਜਿਹੇ 'ਚ ਕਈਆਂ ਦੀ ਸਿਹਤ ਖਰਾਬ ਹੋਣ ਲੱਗੀ। ਇੰਟਰਵਿਊ ਲਈ ਲੰਮੀ ਦੂਰੀ ਤੈਅ ਕਰਕੇ ਉਮੀਦਵਾਰ ਇੱਥੇ ਪਹੁੰਚੇ ਸਨ। ਇਸ ਪੋਸਟ ਲਈ ਦੀ ਤਨਖਾਹ 22,500 ਰੁਪਏ ਹੈ। ਇਸ ਕਾਰਨ ਕਈ ਉਮੀਦਵਾਰ ਆਪਣੀ ਪੜ੍ਹਾਈ ਛੱਡ ਕੇ ਇਥੇ ਆਏ ਹੋਏ ਸਨ। ਉਮੀਦਵਾਰਾਂ ਨੇ ਸਰਕਾਰ ਨੂੰ ਰੁਜ਼ਗਾਰ ਦੇ ਮੌਕੇ ਵਧਾਉਣ ਦੀ ਵੀ ਅਪੀਲ ਕੀਤੀ। ਅਲਵਰ, ਰਾਜਸਥਾਨ ਤੋਂ ਮੁੰਬਈ ਆਏ ਇੱਕ ਹੋਰ ਉਮੀਦਵਾਰ ਨੇ ਦੱਸਿਆ ਕਿ ਉਸ ਕੋਲ ਐਮ.ਕਾਮ ਦੀ ਡਿਗਰੀ ਹੈ। ਉਸ ਨੇ ਕਿਹਾ, 'ਮੈਂ ਵੀ ਸਰਕਾਰੀ ਨੌਕਰੀ ਦੀ ਤਿਆਰੀ ਕਰ ਰਿਹਾ ਹਾਂ, ਮੈਨੂੰ ਕਿਸੇ ਨੇ ਦੱਸਿਆ ਕਿ ਇੱਥੇ ਤਨਖਾਹ ਚੰਗੀ ਹੈ, ਇਸ ਲਈ ਮੈਂ ਇੰਟਰਵਿਊ ਲਈ ਆਇਆ ਹਾਂ।' ਏਅਰਪੋਰਟ 'ਤੇ ਲੋਡਰ ਵਜੋਂ ਭਰਤੀ ਕੀਤੇ ਗਏ ਕਰਮਚਾਰੀ ਜਹਾਜ਼ 'ਚ ਸਮਾਨ ਦੀ ਲੋਡਿੰਗ ਅਤੇ ਅਨਲੋਡਿੰਗ ਦੇ ਨਾਲ-ਨਾਲ ਬੈਗੇਜ ਬੈਲਟ ਅਤੇ ਰੈਂਪ ਟਰੈਕਟਰ ਚਲਾਉਣ ਦਾ ਕੰਮ ਵੀ ਕਰਦੇ ਹਨ। ਇੱਕ ਜਹਾਜ਼ ਨੂੰ ਸਾਮਾਨ, ਮਾਲ ਅਤੇ ਭੋਜਨ ਦੀ ਸਪਲਾਈ ਕਰਨ ਲਈ ਘੱਟੋ-ਘੱਟ 5 ਲੋਡਰਾਂ ਦੀ ਲੋੜ ਹੁੰਦੀ ਹੈ। ਓਵਰਟਾਈਮ ਕੰਮ ਕਰਕੇ 30 ਹਜ਼ਾਰ ਰੁਪਏ ਤੋਂ ਵੱਧ ਕਮਾ ਲੈਂਦਾ ਹੈ। ਲੋਡਰ ਦੀ ਨੌਕਰੀ ਲਈ ਸਿੱਖਿਆ ਯੋਗਤਾ ਮੁੱਢਲੀ ਹੈ ਜਦਕਿ ਉਮੀਦਵਾਰ ਸਰੀਰਕ ਤੌਰ 'ਤੇ ਮਜ਼ਬੂਤ ਹੋਣਾ ਚਾਹੀਦਾ ਹੈ।

## Reels ਨਾਲ ਮਿਲੀ ਸ਼ੌਹਰਤ, ਓਹੀ ਬਣੀ ਜਾਨ ਦਾ ਖੌਅ, ਟ੍ਰੈਵਲ ਇਨਫਲੂਏਂਸਰ ਦੀ ਪਹਾੜੀ ਤੋਂ ਡਿੱਗਣ ਕਾਰਨ ਮੌਤ

ਰੀਲ ਬਣਾਉਣ ਦੀ ਜਿਸ ਕਲਾ ਨਾਲ ਪ੍ਰਸਿੱਧੀ ਮਿਲੀ ਹੁਣ ਮੌਤ ਦਾ ਕਾਰਨ ਬਣ ਗਈ ਹੈ। ਮੁੰਬਈ ਦੇ ਚਾਰਟਰਡ ਅਕਾਊਂਟੈਂਟ ਅਤੇ ਟ੍ਰੈਵਲ ਇਨਫਲੂਏਂਸਰ ਅਨਵੀ ਕਾਮਦਾਰ ਦੀ ਵੀਡੀਓ ਬਣਾਉਣ ਦੌਰਾਨ ਖਾਈ 'ਚ ਡਿੱਗਣ ਕਾਰਨ ਮੌਤ ਹੋ ਗਈ। ਇਹ ਘਟਨਾ ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ ਦੀ ਹੈ।

ਸਮਾਚਾਰ ਏਜੰਸੀ ਪੀਟੀਆਈ ਨੇ ਇੱਕ ਪੁਲਸ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਕਿ 27 ਸਾਲਾ ਰੀਲ ਸਟਾਰ, ਜੋ ਸੱਤ ਦੋਸਤਾਂ ਨਾਲ ਘੁਮੰਣ ਲਈ ਗਈ ਸੀ। ਇਸੇ ਦੌਰਾਨ ਉਹ ਮੰਗਲਵਾਰ ਨੂੰ ਰਾਏਗੜ੍ਹ ਜ਼ਿਲ੍ਹੇ ਦੇ ਮਾਨਗਾਂਵ ਵਿਚ ਮਸ਼ਹੂਰ ਕੁੰਭੇ ਝਰਨੇ ਦੇ ਨੇੜੇ 300 ਫੁੱਟ ਡੂੰਘੀ ਖੱਡ ਵਿੱਚ ਡਿੱਗ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ।

### ਦੋਸਤਾਂ ਨਾਲ ਗਈ ਸੀ ਘੁੰਮਣ

ਮਾਨਗਾਂਵ ਪੁਲਸ ਸਟੇਸ਼ਨ ਦੇ ਇੱਕ ਅਧਿਕਾਰੀ ਦੇ ਅਨੁਸਾਰ, ਮੁੰਬਈ ਦੇ ਮੁਲੁੰਡ ਖੇਤਰ ਦੀ ਰਹਿਣ ਵਾਲੀ ਕਾਮਦਾਰ ਬਾਰਿਸ਼ ਦੇ ਦੌਰਾਨ ਆਪਣੇ ਦੋਸਤਾਂ ਨਾਲ ਘੁੰਮਣ ਲਈ ਝਰਨੇ 'ਤੇ ਆਈ ਸੀ। ਉਸ ਨੇ ਦੱਸਿਆ ਕਿ ਖੂਬਸੂਰਤ ਨਜ਼ਾਰਿਆਂ ਦੀ ਵੀਡੀਓ ਬਣਾਉਂਦੇ ਸਮੇਂ ਉਹ ਤਿਲਕ ਕੇ ਖਾਈ 'ਚ ਡਿੱਗ ਗਈ।

### ਹਸਪਤਾਲ ਵਿਚ ਹੋ ਗਈ ਮੌਤ

ਅਧਿਕਾਰੀ ਨੇ ਦੱਸਿਆ ਕਿ ਉਸ ਦੇ ਦੋਸਤਾਂ ਵੱਲੋਂ ਸੂਚਨਾ ਦਿੱਤੇ ਜਾਣ ਤੋਂ ਬਾਅਦ ਪੁਲਸ ਅਤੇ ਸਥਾਨਕ ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਉਸ ਨੂੰ ਨੇੜੇ ਦੇ ਮਾਨਗਾਓਂ ਤਾਲੁਕਾ ਦੇ ਸਰਕਾਰੀ ਹਸਪਤਾਲ ਲੈ ਗਈ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਕਾਮਦਾਰ ਪੇਸ਼ੇ ਤੋਂ ਇੱਕ ਚਾਰਟਰਡ ਅਕਾਊਂਟੈਂਟ ਸੀ ਅਤੇ ਇੱਕ ਸੋਸ਼ਲ ਮੀਡੀਆ ਇਨਫਲੂਏਂਸਰ ਸੀ, ਜੋ ਰੀਲਾਂ ਬਣਾਉਣ ਲਈ ਜਾਣਈ ਜਾਂਦੀ ਸੀ।



# 4 ਸਾਲ ਦੀ ਦੇਰੀ ਨਾਲ GMCH ਦਾ ਐਮਰਜੈਂਸੀ ਟਰਾਮਾ ਸੈਂਟਰ ਦਸੰਬਰ ਚ ਹੋਵੇਗਾ ਸ਼ੁਰੂ




ਜੀ. ਐੱਮ. ਸੀ. ਐੱਚ. ਦੇ ਪੁਰਾਣੇ ਅਤੇ ਸਭ ਤੋਂ ਮਹੱਤਵਪੂਰਨ ਪ੍ਰਾਜੈਕਟਾਂ ’ਚੋਂ ਇਕ ਟਰਾਮਾ ਸੈਂਟਰ ਦਾ ਕੰਮ ਪੂਰਾ ਹੋਣ ਵਾਲਾ ਹੈ। ਇਸ ’ਤੇ ਕੰਮ 2019 ’ਚ ਸ਼ੁਰੂ ਹੋਇਆ ਸੀ। ਕੋਵਿਡ ਕਾਰਨ ਪ੍ਰਾਜੈਕਟ ਸਮੇਂ ’ਤੇ ਪੂਰਾ ਨਹੀਂ ਹੋ ਸਕਿਆ। ਹਸਪਤਾਲ ਦੇ ਡਾਇਰੈਕਟਰ ਡਾ. ਏ. ਕੇ. ਅਤਰੀ ਮੁਤਾਬਕ ਇਹ ਦਸੰਬਰ ਜਾਂ ਵੱਧ ਤੋਂ ਵੱਧ ਜਨਵਰੀ ਤੱਕ ਸ਼ੁਰੂ ਹੋਣ ਜਾ ਰਿਹਾ ਹੈ। ਇਨ੍ਹੀਂ ਦਿਨੀਂ ਅੰਦਰੂਨੀ ਕੰਮ ਕੀਤਾ ਜਾ ਰਿਹਾ ਹੈ। ਇੱਥੇ ਐਮਰਜੈਂਸੀ ਤੇ ਟਰਾਮਾ ਦੇ ਮਰੀਜ਼ਾਂ ਦਾ ਇਲਾਜ ਕੀਤਾ ਜਾਵੇਗਾ। ਮੌਜੂਦਾ ਐਮਰਜੈਂਸੀ ਤੇ ਟਰਾਮਾ ਸੈਂਟਰ ’ਚ ਇੰਨੀ ਜਗ੍ਹਾਂ ਨਹੀਂ ਹੈ ਕਿ ਮਰੀਜ਼ਾਂ ਲਈ ਬੈੱਡ ਵਧਾਏ ਜਾ ਸਕਣ। ਸਾਬਕਾ ਡਾਇਰੈਕਟਰ ਡਾ. ਬੀ. ਐੱਸ. ਚਵਨ ਨੇ ਦਿਹਾਂਤ ਤੋਂ ਪਹਿਲਾਂ ਜੀ. ਐੱਮ. ਸੀ. ਐੱਚ. ਦੀ ਐਮਰਜੈਂਸੀ ਨੂੰ 259 ਬਿਸਤਰਿਆਂ ਵਾਲਾ ਬਣਾਉਣ ਲਈ 52 ਕਰੋੜ ਰੁਪਏ ਮਨਜ਼ੂਰ ਕਰਵਾਏ ਸਨ। ਹੁਣ ਤੱਕ ਐਮਰਜੈਂਸੀ ਤੇ ਟਰਾਮਾ ਦੇ ਮਰੀਜ਼ਾਂ ਦਾ ਇੱਕੋ ਥਾਂ ’ਤੇ ਇਲਾਜ ਕੀਤਾ ਜਾ ਰਿਹਾ ਸੀ। ਇਸ ਤੋਂ ਪਹਿਲਾਂ ਸਿਰਫ਼ ਪੀ. ਜੀ. ਆਈ. ਕੋਲ ਹੀ ਵੱਖਰਾ ਟਰਾਮਾ ਸੈਂਟਰ ਹੈ। ਇਸ ਦੇ ਬਣਨ ਨਾਲ ਸ਼ਹਿਰ ’ਚ ਦੋ ਟਰਾਮਾ ਸੈਂਟਰ ਹੋ ਜਾਣਗੇ। ਮੌਜੂਦਾ ਸਮੇਂ ਐਮਰਜੈਂਸੀ ਤੇ ਟਰਾਮਾ ਲਈ 150 ਦੇ ਕਰੀਬ ਬੈੱਡ ਹਨ। ਡਾ. ਅੱਤਰੀ ਮੁਤਾਬਕ ਬੁਨਿਆਦੀ ਢਾਂਚੇ ਨਾਲ ਮੌਜੂਦਾ ਸਹੂਲਤਾਂ ਨੂੰ ਬਰਕਰਾਰ ਰੱਖਣਾ ਜ਼ਰੂਰੀ ਹੋ ਗਿਆ ਹੈ। ਮਰੀਜ਼ਾਂ ਦੀ ਗਿਣਤੀ ਪਹਿਲਾਂ ਦੇ ਮੁਕਾਬਲੇ ਵਧੀ ਹੈ। ਨਵੀਆਂ ਸਹੂਲਤਾਂ ’ਤੇ ਕੰਮ ਕੀਤਾ ਜਾ ਰਿਹਾ ਹੈ ਪਰ ਉਸ ’ਚ ਹਾਲੇ ਸਮਾਂ ਲੱਗੇਗਾ। ਇਸ ਲਈ ਸਾਰੇ ਵਿਭਾਗਾਂ ਖ਼ਾਸ ਕਰਕੇ ਐਮਰਜੈਂਸੀ ਤੇ ਟਰਾਮਾ ਦਾ ਰਾਊਂਡ ਲੈਣਾ ਸ਼ੁਰੂ ਕੀਤਾ ਹੈ। ਇਸ ਦਾ ਫ਼ਾਇਦਾ ਇਹ ਹੁੰਦਾ ਹੈ ਕਿ ਕਮੀਆਂ ਦਾ ਪਤਾ ਲੱਗਦਾ ਹੈ। ਹਾਲ ਹੀ ’ਚ ਐੱਮ. ਬੀ. ਬੀ. ਐੱਸ. ਵਿਦਿਆਰਥੀਆਂ ਲਈ ਸੈਕਟਰ-48 ਸਾਊਥ ਕੈਂਪਸ ’ਚ ਹੋਸਟਲ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ। ਮਦਰ ਐਂਡ ਚਾਈਲਡ ਕੇਅਰ ਸੈਂਟਰ ’ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। 2019 ’ਚ ਪ੍ਰਾਜੈਕਟ ਦਾ ਮਤਾ ਬਣਿਆ ਸੀ ਅਤੇ 18 ਮਹੀਨਿਆਂ ’ਚ ਪੂਰਾ ਕਰਨ ਲਈ ਕਿਹਾ ਗਿਆ ਸੀ। ਫਰਵਰੀ 2022 ਡੈੱਡਲਾਈਨ ਸੀ। ਕੋਵਿਡ ਕਾਰਨ ਦੇਰੀ ਹੋ ਗਈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਵੀ ਇਸ ਨੂੰ ਜਲਦੀ ਪੂਰਾ ਕਰਨ ਦੀ ਗੱਲ ਕਹੀ ਜਾ ਰਹੀ ਹੈ।



# ਐੱਸ. ਆਈ. ਟੀ. ਸਾਹਮਣੇ ਪੇਸ਼ ਨਹੀਂ ਹੋਣਗੇ ਬਿਕਰਮ ਮਜੀਠੀਆ

ਕਰੋੜਾਂ ਰੁਪਏ ਦੇ ਡਰੱਗ ਤਸਕਰੀ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ. ਆਈ. ਟੀ.) ਦੇ ਸਾਹਮਣੇ ਅੱਜ ਬਿਕਰਮ ਮਜੀਠੀਆ ਪੇਸ਼ ਨਹੀਂ ਹੋਣਗੇ। ਸੂਤਰਾਂ ਮੁਤਾਬਕ ਉਨ੍ਹਾਂ ਨੇ ਐੱਸ.ਆਈ. ਟੀ. ਨੂੰ ਆਖਿਆ ਹੈ ਕਿ ਅੱਜ ਅੰਮ੍ਰਿਤਸਰ ਕੋਰਟ ਵਿਚ ਉਨ੍ਹਾਂ ਦੀ ਇਕ ਕੇਸ ਵਿਚ ਪੇਸ਼ੀ ਹੈ ਜਦਕਿ 23 ਜੁਲਾਈ ਨੂੰ ਇਸੇ ਮਾਮਲੇ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਹੈ। ਅਜਿਹੇ ਵਿਚ ਉਨ੍ਹਾਂ ਨੇ ਅਗਲੀ ਤਾਰੀਖ਼ ਉਸ ਤੋਂ ਬਾਅਦ ਦੀ ਹੀ ਦਿੱਤੀ ਜਾਵੇ। ਦੱਸਣਯੋਗ ਹੈ ਕਿ ਬਿਕਰਮ ਮਜੀਠੀਆ ਨੂੰ ਐੱਸ. ਆਈ. ਟੀ. ਨੇ ਅੱਜ ਪੁੱਛਗਿੱਛ ਲਈ ਬੁਲਾਇਆ ਸੀ। ਹਾਲਾਂਕਿ ਇਸ ਤੋਂ ਪਹਿਲਾਂ ਜਦੋਂ ਸਿੱਟ ਨੇ ਸੰਮਨ ਜਾਰੀ ਕੀਤੇ ਸਨ ਤਾਂ ਉਦੋਂ ਅਕਾਲੀ ਦਲ ਨੇ ਇਸ ਮਾਮਲੇ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਸੀ। ਇਸ ਤੋਂ ਪਹਿਲਾਂ ਜਦੋਂ ਪਿਛਲੇ ਮਹੀਨੇ ਐੱਸ. ਆਈ. ਟੀ. ਨੇ ਮਜੀਠੀਆ ਨੂੰ ਨੋਟਿਸ ਜਾਰੀ ਕੀਤਾ ਤਾਂ ਉਦੋਂ ਮਜੀਠੀਆ ਨੇ ਇਸ ਦੇ ਵਿਰੋਧ ਵਿਚ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ। ਉਨ੍ਹਾਂ ਨੇ ਅਦਾਲਤ ਵਿਚ ਕਿਹਾ ਸੀ ਕਿ ਉਨ੍ਹਾਂ ਨੂੰ ਵਾਰ-ਵਾਰ ਸੰਮਨ ਭੇਜ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦਰਮਿਆਨ 8 ਜੁਲਾਈ ਨੂੰ ਐੱਸ. ਆਈ. ਟੀ. ਨੇ ਸੰਮਨ ਵਾਪਸ ਲੈ ਲਏ ਸਨ। ਜਦਕਿ ਬਾਅਦ ਵਿਚ ਫਿਰ ਨਵੇਂ ਸਰਿਓਂ ਮਜੀਠੀਆ ਨੂੰ ਸੰਮਨ ਜਾਰੀ ਕੀਤੇ ਗਏ, ਜਿਸ ਲਈ ਅੱਜ ਉਨ੍ਹਾਂ ਨੂੰ ਪਟਿਆਲਾ ਵਿਚ ਪੁੱਛਗਿੱਛ ਲਈ ਬੁਲਾਇਆ ਗਿਆ ਸੀ।

# ਹੋਟਲ ’ਚ ਪੁਲਸ ਦੀ ਰੇਡ, ਚੌਥੀ ਮੰਜ਼ਿਲ ਤੋਂ 2 ਥਾਈ ਕੁੜੀਆਂ ਨੇ ਮਾਰੀ ਛਾਲ, ਕਈ ਔਰਤਾਂ ਗ੍ਰਿਫ਼ਤਾਰ



ਥਾਣਾ ਏ ਡਵੀਜ਼ਨ ਦੀ ਪੁਲਸ ਨੇ ਪਿਛਲੇ 2 ਦਿਨਾਂ ਵਿਚ 3 ਥਾਵਾਂ ’ਤੇ ਛਾਪੇਮਾਰੀ ਕਰ ਕੇ ਕੁਝ ਔਰਤਾਂ ਅਤੇ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੰਗਲਵਾਰ ਦੇਰ ਰਾਤ 11 ਵਜੇ ਐੱਸ. ਐੱਚ. ਓ. ਬਲਜਿੰਦਰ ਸਿੰਘ ਨੇ ਆਪਣੀ ਟੀਮ ਸਮੇਤ ਬੱਸ ਸਟੈਂਡ ਨੇੜੇ ਇਕ ਹੋਟਲ ਵਿਚ ਛਾਪਾ ਮਾਰਿਆ ਤਾਂ ਉੱਥੇ ਹੰਗਾਮਾ ਹੋ ਗਿਆ, ਜਿਸ ਦੌਰਾਨ 2 ਥਾਈ ਕੁੜੀਆਂ ਚੌਥੀ ਮੰਜ਼ਿਲ ਤੋਂ ਛਾਲ ਮਾਰਨ ’ਤੇ ਗੰਭੀਰ ਜ਼ਖ਼ਮੀ ਹੋ ਗਈਆਂ।ਥਾਣਾ ਮੁਖੀ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਹੋਟਲ ਦੀ ਚੌਥੀ ਮੰਜ਼ਿਲ ’ਤੇ ਵਿਦੇਸ਼ੀ ਲੜਕੀਆਂ ਤੋਂ ਦੇਹ ਵਪਾਰ ਦਾ ਧੰਦਾ ਕਰਵਾਇਆ ਜਾ ਰਿਹਾ ਹੈ, ਜਦੋਂ ਉਥੇ ਰੇਡ ਕੀਤੀ ਗਈ ਤਾਂ ਹੋਟਲ ਦੇ ਮੈਨੇਜਰ ਸਿਮਰਨ ਸਿੰਘ ਨੇ ਸਾਰਿਆਂ ਨੂੰ ਸੂਚਿਤ ਕੀਤਾ, ਜਿਸ ਕਾਰਨ ਉਥੇ ਹਫੜਾ-ਦਫੜੀ ਮਚ ਗਈ ਅਤੇ ਪੁਲਸ ਕਾਰਵਾਈ ਤੋਂ ਬਚਣ ਲਈ 2 ਥਾਈ ਕੁੜੀਆਂ ਸੋਫੀਆ ਅਤੇ ਪਾਇਲ ਨੇ ਚੌਥੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਛਾਲ ਮਾਰਨ ਕਾਰਨ ਸੋਫੀਆ ਦੀ ਰੀੜ੍ਹ ਦੀ ਹੱਡੀ ਟੁੱਟ ਗਈ ਅਤੇ ਪਾਇਲ ਵੀ ਗੰਭੀਰ ਜ਼ਖ਼ਮੀ ਹੋ ਗਈ। ਪੁਲਸ ਨੇ ਦੋਵਾਂ ਕੁੜੀਆਂ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਹੈ।ਪਤਾ ਲੱਗਾ ਹੈ ਕਿ ਹੋਟਲ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਹਟਾ ਦਿੱਤੇ ਗਏ ਹਨ। ਪੁਲਸ ਨੇ ਮੈਨੇਜਰ ਸਿਮਰਨ ਸਿੰਘ ਵਾਸੀ ਰਾਮਤੀਰਥ ਰੋਡ ਅਤੇ ਮਨੀਸ਼ ਕੁਮਾਰ ਵਾਸੀ ਕੱਟੜਾ ਕਰਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਉਥੇ 3 ਹੋਰ ਵਿਦੇਸ਼ੀ ਕੁੜੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਲਸ ਸਟੇਸ਼ਨ ਵਿਚ ਕੁੱਲ 10 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਸਿਮਰਨ ਸਿੰਘ, ਮਨੀਸ਼ ਕੁਮਾਰ, ਸੋਫੀਆ, ਵੀਨਾ, ਸੋਫੀਆ-2, ਆਈਸ, ਪਾਇਲ, ਜਗਦੀਪ ਸਿੰਘ ਉਰਫ ਜੱਗੂ, ਸਾਜਨ ਅਤੇ ਇਕ ਅਣਪਛਾਤੇ ਵਿਅਕਤੀ ਵਜੋਂ ਹੋਈ ਹੈ। ਪੁਲਸ ਨੇ ਬੁੱਧਵਾਰ ਨੂੰ ਮੁਲਜ਼ਮਾਂ ਨੂੰ ਡਿਊਟੀ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ। ਅਦਾਲਤ ਨੇ ਮੁਲਜ਼ਮ ਨੂੰ ਦੋ ਦਿਨਾਂ ਦੇ ਪੁਲਸ ਰਿਮਾਂਡ ’ਤੇ ਭੇਜ ਦਿੱਤਾ ਹੈ। ਪੁਲਸ ਨੇ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਕੇ ਹੋਟਲ ਸੰਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ’ਚ ਝੋਨੇ ਦੇ ਸੀਜ਼ਨ ਦੌਰਾਨ ਤਾਪ ਘਰਾਂ ਨੂੰ ਕੋਲੇ ਦੀ ਘਾਟ ਲੱਗੀ ਰੜਕਣ



ਪੰਜਾਬ 'ਚ ਅੱਜ-ਕੱਲ੍ਹ ਜਦੋਂ ਝੋਨੇ ਅਤੇ ਬਾਸਮਤੀ ਦੀ ਲਵਾਈ ਜ਼ੋਰਾਂ ’ਤੇ ਹੈ ਤਾਂ ਸੂਬੇ ਵਿਚਲੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਤਾਪਘਰਾਂ ਨੂੰ ਕੋਲੇ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੋਲੇ ਦੀ ਇਸ ਘਾਟ ਦੀ ਵੱਡੀ ਤਕਲੀਫ਼ ਦਾ ਸਾਹਮਣਾ ਅਗਲੇ ਦਿਨਾਂ 'ਚ ਹੋਰ ਕਰਨਾ ਪੈ ਸਕਦਾ ਹੈ। ਪੰਜਾਬ ਦੇ ਤਾਪਘਰਾਂ ਲਈ ਕੋਲਾ ਛੱਤੀਸਗੜ੍ਹ ਤੋਂ ਆ ਰਿਹਾ ਹੈ, ਜਿੱਥੇ ਅੱਜ-ਕੱਲ੍ਹ ਮੀਂਹ ਪੈਣ ਨਾਲ ਖਾਣਾਂ ’ਚੋਂ ਕੋਲਾ ਕੱਢਣ ’ਚ ਮੁਸ਼ਕਲ ਆ ਰਹੀ ਹੈ। ਉੱਤਰੀ ਭਾਰਤ ਦੇ ਪ੍ਰਾਈਵੇਟ ਖੇਤਰ ਦੇ ਸਭ ਤੋਂ ਵੱਡੇ ਤਾਪਘਰ ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ. ਐੱਸ. ਪੀ. ਐੱਲ.) 'ਚ ਸਿਰਫ 4-5 ਦਿਨਾਂ ਦਾ ਕੋਲਾ ਹੀ ਰਹਿ ਗਿਆ ਦੱਸਿਆ ਜਾਂਦਾ ਹੈ।

ਵੇਰਵਿਆਂ ਮੁਤਾਬਕ ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਖ਼ਰੀਦੇ ਗਏ ਤਾਪਘਰ ਗੁਰੂ ਰਾਮਦਾਸ ਗੋਇੰਦਵਾਲ ਸਾਹਿਬ, ਜੋ 540 ਮੈਗਵਾਟ ਦੀ ਸਮਰੱਥਾ ਵਾਲਾ ਹੈ ਅਤੇ ਇਸ ਵੇਲੇ ਕਰੀਬ 480 ਮੈਗਾਵਾਟ ਰਿਕਾਰਡ ਤੋੜ ਬਿਜਲੀ ਸਪਲਾਈ ਕਰ ਰਿਹਾ ਹੈ, 'ਚ ਵੀ ਕਰੀਬ 4 ਦਿਨਾਂ ਦਾ ਕੋਲ ਭੰਡਾਰ ਰਹਿਣ ਦੀ ਸੂਚਨਾ ਪ੍ਰਾਪਤ ਹੋਈ ਹੈ। ਇਸੇ ਤਰ੍ਹਾਂ ਐੱਲ. ਐਂਡ. ਟੀ. ਕੰਪਨੀ ਵੱਲੋਂ ਰਾਜਪੁਰਾ ਵਿਖੇ ਲਾਏ 1400 ਮੈਗਾਵਾਟ ਦੇ ਤਾਪਘਰ ਵੱਲੋਂ ਇਸ ਵੇਲੇ 1325 ਮੈਗਾਵਾਟ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ, 'ਚ ਵੀ ਕੋਲੇ ਦੀ ਘਾਟ ਅਗਲੇ ਹਫ਼ਤੇ ਤੋਂ ਖੜ੍ਹੀ ਹੋ ਸਕਦੀ ਹੈ। ਪੰਜਾਬ ਦੇ ਰੋਪੜ ਸਥਿਤ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ, ਜੋ 840 ਮੈਗਾਵਾਟ ਦੀ ਸਮਰੱਥਾ ਵਾਲਾ ਹੈ ਅਤੇ ਇਸ ਵੇਲੇ 719 ਮੈਗਾਵਾਟ ਬਿਜਲੀ ਸਪਲਾਈ ਕਰ ਰਿਹਾ ਹੈ, 'ਚ ਵੀ ਪੂਰੇ ਸੀਜ਼ਨ ਲਈ ਕੋਲੇ ਦਾ 15 ਦਿਨਾਂ ਦਾ ਭੰਡਾਰ ਹੀ ਹੈ। ਦੂਜੇ ਪਾਸੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦਾ ਇਕ ਯੂਨਿਟ ਬੰਦ ਹੋਣ ਦੇ ਬਾਵਜੂਦ ਉਸ ਵੱਲੋਂ 645 ਮੈਗਾਵਾਟ ਬਿਜਲੀ ਪੈਦਾ ਕੀਤੀ ਜਾ ਰਹੀ ਹੈ, ਜਦੋਂ ਕਿ ਉਸ ਦੀ ਸਮਰੱਥਾ 920 ਮੈਗਾਵਾਟ ਹੈ, 'ਚ ਵੀ ਕੋਲੇ ਦੀ ਘਾਟ ਹੋਣ ਲੱਗੀ ਹੈ।

ਮਾਨਸਾ ਜ਼ਿਲ੍ਹੇ 'ਚ ਲੱਗੇ 1980 ਮੈਗਾਵਾਟ ਦੀ ਸਮਰੱਥਾ ਵਾਲੇ ਬਣਾਂਵਾਲਾ ਤਾਪਘਰ ਦਾ ਇਕ ਯੂਨਿਟ ਬੰਦ ਹੈ ਅਤੇ ਉਸ ਵੱਲੋਂ 1097 ਮੈਗਾਵਾਟ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ। ਇਕ ਤਾਪਘਰ ਦੇ ਪ੍ਰਬੰਧਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਅਤੇ ਰਾਜਸਥਾਨ ਦੇ ਤਾਪਘਰਾਂ ਨੂੰ ਹਰ ਸਾਲ ਸਾਉਣੀ ਦੇ ਸੀਜ਼ਨ ਦੌਰਾਨ ਅਕਸਰ ਕੋਲੇ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਛੱਤੀਸਗੜ੍ਹ ਤੋਂ ਪੰਜਾਬ ਦੀ ਰੇਲਵੇ ਲਾਈਨ ਰਾਹੀਂ ਜੁੜੀ 1510 ਕਿਲੋਮੀਟਰ ਤੋਂ ਵੱਧ ਬਣਦੀ ਹੈ, ਜਿਸ ਕਰ ਕੇ ਪੰਜਾਬ ਦੇ ਤਾਪਘਰਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਕੋਲਾ ਢੋਹਣ ਵਾਸਤੇ ਪੂਰੀਆਂ ਰੇਲ ਗੱਡੀਆਂ ਉਪਲਬੱਧ ਨਹੀਂ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਛੱਤੀਸਗੜ੍ਹ ਤੋਂ ਪੰਜਾਬ ਆਉਣ ਲਈ 4 ਦਿਨ ਦਾ ਸਮਾਂ ਲੱਗਦਾ ਹੈ ਅਤੇ ਇਕ ਦਿਨ ਕੋਲਾ ਉਤਰਨ ਲਈ ਅਤੇ ਇਕ ਦਿਨ ਹੀ ਖਾਣ ’ਚੋਂ ਲੋਡ ਕਰਨ ਲਈ ਲੱਗਦਾ ਹੈ, ਜਿਸ ਕਰ ਕੇ ਇਕ ਗੱਡੀ 10 ਦਿਨਾਂ 'ਚ ਇਕ ਚੱਕਰ ਹੀ ਲਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਕੋਲਾ ਢੋਹਣ ਵਾਲੀਆਂ ਗੱਡੀਆਂ ਦੀ ਘਾਟ ਦਾ ਖਮਿਆਜ਼ਾ ਪੰਜਾਬ ਅਤੇ ਰਾਜਸਥਾਨ ਦੇ ਤਾਪਘਰਾਂ ਨੂੰ ਭੁਗਤਣਾ ਪੈ ਰਿਹਾ ਹੈ। ਪੰਜਾਬ ਦੇ ਤਾਪਘਰਾਂ ਕੋਲ ਕੇਂਦਰੀ ਬਿਜਲੀ ਅਥਾਰਟੀ (ਸੀ. ਈ. ਏ.) ਦੇ ਨਿਰਵਿਘਨ ਬਿਜਲੀ ਸਪਲਾਈ ਲਈ ਘੱਟੋ-ਘੱਟ 22 ਦਿਨਾਂ ਦੇ ਕੋਲ ਦੇ ਸਟਾਕ ਨੂੰ ਬਣਾਈ ਰੱਖਣ ਦੇ ਹੁਕਮ ਦੇ ਮੁਕਾਬਲੇ ਚਿੰਤਾਜਨਕ ਵਾਲੇ ਹਨ। ਸੂਬੇ 'ਚ ਇਸ ਵੇਲੇ 16 ਹਜ਼ਾਰ ਮੈਗਾਵਾਟ ਤੋਂ ਵੱਧ ਬਿਜਲੀ ਦੀ ਲੋੜ ਚੱਲ ਰਹੀ ਹੈ। ਤਾਪਘਰ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ’ਤੇ ਦੱਸਿਆ ਕਿ ਕੋਲੇ ਦੇ ਰੈਂਕਾਂ ਦੀ ਗਿਣਤੀ ਵਧਾਉਣ, ਕੋਲੇ ਦੀਆਂ ਖਾਣਾਂ ਤੋਂ ਸਮੇਂ ਸਿਰ ਡਿਸਪੈਜਮੈਂਟ ਨੂੰ ਯਕੀਨੀ ਬਣਾਉਣ ਅਤੇ ਕੇਂਦਰ ਤੇ ਪੰਜਾਬ ਸਰਕਾਰ ਵਿਚਕਾਰ ਰੁਕਵਟਾਂ ਦੂਰ ਕਰਨ ਲਈ ਕਦੇ ਬਿਹਤਰ ਤਾਲਮੇਲ ਨਹੀਂ ਹੋਏ ਹਨ।

# ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਹੈਪੀ ਦੀ ਗ੍ਰਿਫ਼ਤਾਰੀ ਦੇ ਮਾਮਲੇ 'ਚ ਆਇਆ ਨਵਾਂ ਮੋੜ

ਜਲੰਧਰ ਪੁਲਸ ਵਲੋਂ ਨਸ਼ੀਲੇ ਪਦਾਰਥ ਸਮੇਤ ਗ੍ਰਿਫ਼ਤਾਰ ਕੀਤੇ ਗਏ ਖਡੂਰ ਸਾਹਿਬ ਤੋਂ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਹੈਪੀ ਅਤੇ ਉਸ ਦੇ ਦੋਸਤ ਲਵਪ੍ਰੀਤ ਸਿੰਘ ਤੋਂ ਜਲੰਧਰ ਪੁਲਸ ਪੁੱਛਗਿੱਛ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਲਈ ਪੁਲਸ ਵਲੋਂ ਅਦਾਲਤ ਵਿਚ ਨਵੇਂ ਸਿਰਿਓਂ ਅਰਜ਼ੀ ਦਾਖਲ ਕੀਤੀ ਗਈ ਹੈ। ਪੁਲਸ ਨੇ ਅਦਾਲਤ ਵਿਚ ਦਲੀਲ ਦਿੱਤੀ ਹੈ ਕਿ ਉਨ੍ਹਾਂ ਵਲੋਂ ਮੁਲਜ਼ਮਾਂ ਪਾਸੋਂ ਵਿਸਤਾਰ ਨਾਲ ਪੁੱਛਗਿੱਛ ਕਰਨੀ ਹੈ ਕਿਉਂਕਿ ਮਾਮਲੇ ਵਿਚ ਕਈ ਗੱਲਾਂ ਅਜੇ ਤਕ ਸਪੱਸ਼ਟ ਨਹੀਂ ਹੋ ਸਕੀਆਂ ਹਨ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 19 ਜੁਲਾਈ ਨੂੰ ਹੋਵੇਗੀ। ਦੱਸਣਯੋਗ ਹੈ ਕਿ ਫਿਲੌਰ ਪੁਲਸ ਨੇ ਹਰਪ੍ਰੀਤ ਸਿੰਘ ਅਤੇ ਉਸ ਦੇ ਸਾਥੀ ਨੂੰ ਲੰਘੇ ਦਿਨੀਂ ਚਾਰ ਗ੍ਰਾਮ ਆਈਸ ਡਰੱਗ ਨਾਲ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਸੀ। ਪੁਲਸ ਨੇ ਦੋਵਾਂ ਦਾ ਰਿਮਾਂਡ ਮੰਗਿਆ ਸੀ ਪਰ ਅਦਾਲਤ ਨੇ ਦੋਵਾਂ ਮੁਲਜ਼ਮਾਂ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਸੀ। ਹੁਣ ਪੁਲਸ ਨੇ ਨਵੇਂ ਸਿਰੇ ਤੋਂ ਪਟੀਸ਼ਨ ਦਾਇਰ ਕਰਕੇ ਹਰਪ੍ਰੀਤ ਸਿੰਘ ਦਾ ਰਿਮਾਂਡ ਮੰਗਿਆ ਹੈ। ਦੂਜੇ ਪਾਸੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਨਸ਼ਿਆਂ ਵਿਰੁੱਧ ਜੋ ਆਵਾਜ਼ ਅਸੀਂ ਚੁੱਕੀ ਹੈ, ਉਸ ਨੂੰ ਦਬਾਉਣ ਲਈ ਸਾਨੂੰ ਬਦਨਾਮ ਕਰਨਾ ਲਈ ਚਾਲਾਂ ਚੱਲੀਆਂ ਜਾ ਰਹੀਆਂ ਹਨ।



# ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਟੱਪੀ ਬੇਰਹਿਮ ਮਾਂ, ਕੁੱਟ-ਕੁੱਟ ਬੱਚੇ ਦਾ ਕੀਤਾ ਬੁਰਾ ਹਾਲ




ਸੋਸ਼ਲ ਮੀਡੀਆ 'ਤੇ ਮਾਂ ਵੱਲੋਂ ਆਪਣੇ ਬੱਚੇ ਨੂੰ ਕੁੱਟਣ ਦੀ ਦਿਲ ਦਹਿਲਾ ਦੇਣ ਵਾਲੀ ਵੀਡੀਓ ਸਾਹਮਣੇ ਆਈ ਹੈ। ਵੀਡੀਓ ਤੋਂ ਬਾਅਦ ਮਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਦੱਸ ਦਈਏ ਕਿ ਇਕ ਔਰਤ ਦਾ ਅੱਠ ਸਾਲ ਦੇ ਬੱਚੇ 'ਤੇ ਬੈਠ ਕੇ ਉਸ ਨੂੰ ਬੇਰਹਿਮੀ ਨਾਲ ਕੁੱਟਣ ਦਾ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵੀਡੀਓ ਨੂੰ ਦੇਖਦੇ ਹੋਏ ਪੁਲਸ ਨੇ ਦੋਸ਼ੀ ਔਰਤ ਨੂੰ ਹਿਰਾਸਤ 'ਚ ਲੈ ਲਿਆ ਹੈ। ਬੱਚੇ ਨੂੰ ਬਾਲ ਭਲਾਈ ਕਮੇਟੀ ਦੇ ਹਵਾਲੇ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਦਰਅਸਲ, ਇਹ ਮਾਮਲਾ ਹੈ ਉੱਤਰਾਖੰਡ ਦੇ ਹਰਿਦੁਆਰ ਦਾ, ਜਿੱਥੇ ਇੱਕ ਬੇਦਰਦ ਮਾਂ ਨੇ ਆਪਣੇ 11 ਸਾਲ ਦੇ ਬੇਟੇ ਨੂੰ ਭੂਤ ਵਾਂਗ ਕੁੱਟਿਆ। ਬੇਰਹਿਮ ਮਾਂ ਨੇ ਬੱਚੇ 'ਤੇ ਬੈਠ ਕੇ ਪਹਿਲਾਂ ਉਸ ਦਾ ਗਲਾ ਘੁੱਟਿਆ, ਫਿਰ ਮੁੱਕੇ ਮਾਰੇ ਅਤੇ ਉਸ ਦੀ ਛਾਤੀ ਨੂੰ ਦੰਦਾਂ ਨਾਲ ਕੱਟ ਲਿਆ। ਇਸ ਦੌਰਾਨ ਬੱਚਾ ਚੀਕਦਾ ਰਿਹਾ ਪਰ ਉਸ ਦੀ ਮਾਂ ਨੇ ਗੱਲ ਨਹੀਂ ਸੁਣੀ। ਬੇਟਾ ਵਾਰ-ਵਾਰ ਕਹਿੰਦਾ ਰਿਹਾ ਕਿ ਮਾਂ ਪਹਿਲਾਂ ਪਾਣੀ ਪਿਲਾਉ ਪਰ ਇਸ ਬੇਰਹਿਮ ਔਰਤ ਨੂੰ ਕੋਈ ਰਹਿਮ ਨਹੀਂ ਆਇਆ। ਇਹ ਔਰਤ ਆਪਣੇ ਪਤੀ ਤੋਂ ਵੱਖ ਰਹਿੰਦੀ ਹੈ। ਉੱਤਰਾਖੰਡ ਪੁਲਸ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਵੀਡੀਓ ਹਰਿਦੁਆਰ ਦੇ ਝਬਰੇਡਾ ਦਾ ਹੈ। ਪੁਲਸ ਦਾ ਕਹਿਣਾ ਹੈ ਕਿ ਵਾਇਰਲ ਵੀਡੀਓ ਕਰੀਬ ਦੋ ਮਹੀਨੇ ਪਹਿਲਾਂ ਦਾ ਹੈ। ਔਰਤ ਨੇ ਇਹ ਵੀਡੀਓ ਆਪਣੇ 12 ਸਾਲ ਦੇ ਬੇਟੇ ਨਾਲ ਬਣਾਈ ਸੀ ਅਤੇ ਇਸ ਨੂੰ ਰਿਕਾਰਡ ਕਰਨ ਤੋਂ ਬਾਅਦ ਆਪਣੇ ਪਤੀ ਨੂੰ ਭੇਜ ਦਿੱਤਾ ਸੀ। ਜਦੋਂ ਪਤੀ ਨੇ ਵੀਡੀਓ ਦੇਖਿਆ ਤਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ, ਜਿਸ ਤੋਂ ਬਾਅਦ ਪੁਲਸ ਨੇ ਕਾਰਵਾਈ ਕੀਤੀ।ਪਰਿਵਾਰਕ ਝਗੜੇ ਕਾਰਨ ਇਹ ਔਰਤ ਝਬਰੇਡਾ ਸ਼ਹਿਰ ਵਿੱਚ ਤਿੰਨ ਬੱਚਿਆਂ ਨਾਲ ਕਿਰਾਏ ਦੇ ਮਕਾਨ 'ਚ ਰਹਿ ਰਹੀ ਹੈ। ਔਰਤ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਪਰ ਉਹ ਕੋਈ ਸਹੀ ਜਾਣਕਾਰੀ ਨਹੀਂ ਦੇ ਰਹੀ ਹੈ।

## ਗਾਇਕਾ ਜਸਵਿੰਦਰ ਬਰਾੜ ਨੇ ਖ਼ਾਸ ਅੰਦਾਜ਼ 'ਚ ਪਤੀ ਨੂੰ ਕੀਤਾ ਬਰਥਡੇ ਵਿਸ਼




ਪੰਜਾਬੀ ਗਾਇਕਾ ਜਸਵਿੰਦਰ ਬਰਾੜ ਦੇ ਪਤੀ ਦਾ ਅੱਜ ਜਨਮਦਿਨ ਹੈ। ਇਸ ਖ਼ਾਸ ਮੌਕੇ ਜਸਵਿੰਦਰ ਬਰਾੜ ਨੇ ਪਤੀ ਨੂੰ ਬਰਥਡੇ ਦੀ ਵਧਾਈ ਦਿੰਦਿਆਂ ਸੋਸ਼ਲ ਮੀਡੀਆ 'ਤੇ ਇਕ ਤਸਵੀਰ ਸਾਂਝੀ ਕੀਤੀ ਹੈ। ਇਸ ਤਸਵੀਰ ਨੂੰ ਸਾਂਝਾ ਕਰਦੇ ਹੋਏ ਗਾਇਕਾ ਨੇ ਪਤੀ ਦੇ ਲਈ ਬਹੁਤ ਹੀ ਪਿਆਰਾ ਕੈਪਸ਼ਨ ਵੀ ਲਿਖਿਆ ਹੈ, ਜਿਸ 'ਚ ਜਸਵਿੰਦਰ ਨੇ ਲਿਖਿਆ, ''ਜਨਮਦਿਨ ਦੀਆਂ ਮੁਬਾਰਕਾਂ ਸਿੱਧੂ ਸਾਬ।''ਜਿਵੇਂ ਹੀ ਜਸਵਿੰਦਰ ਬਰਾੜ ਨੇ ਇਸ ਤਸਵੀਰ ਨੂੰ ਸਾਂਝਾ ਕੀਤਾ ਤਾਂ ਉਨ੍ਹਾਂ ਨੂੰ ਵਧਾਈ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਜਸਵਿੰਦਰ ਬਰਾੜ ਇਨ੍ਹੀਂ ਦਿਨੀਂ ਵਿਦੇਸ਼ 'ਚ ਹੈ ਅਤੇ ਕਈ ਲਾਈਵ ਸ਼ੋਅ ਉੱਥੇ ਕਰ ਰਹੀ ਹੈ। ਜਸਵਿੰਦਰ ਬਰਾੜ ਦੀ ਨਿੱਜੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ 2 ਬੱਚੇ ਹਨ ਇੱਕ ਧੀ ਅਤੇ ਇੱਕ ਪੁੱਤਰ, ਜਿਸ ਨਾਲ ਗਾਇਕਾ ਅਕਸਰ ਤਸਵੀਰਾਂ ਸਾਂਝੀਆਂ ਕਰਦੀ ਰਹਿੰਦੀ ਹੈ। ਜਸਵਿੰਦਰ ਬਰਾੜ ਆਪਣੀ ਬੁਲੰਦ ਆਵਾਜ਼ ਲਈ ਜਾਣੀ ਜਾਂਦੀ ਹੈ ਅਤੇ ਉਸ ਨੂੰ ਅਖਾੜਿਆਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਉਹ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਇੰਡਸਟਰੀ 'ਚ ਸਰਗਰਮ ਹਨ ਅਤੇ ਇੱਕ ਤੋਂ ਬਾਅਦ ਇੱਕ ਹਿੱਟ ਗੀਤਾਂ ਦੇ ਨਾਲ ਸਰੋਤਿਆਂ ਦਾ ਮਨੋਰੰਜਨ ਕਰਦੇ ਆ ਰਹੇ ਹਨ। ਸੋਸ਼ਲ ਮੀਡੀਆ ਤੇ ਗਾਇਕਾ ਦੀ ਲੰਮੀ ਫੈਨ ਫਾਲੋਵਿੰਗ ਹੈ।

## ਇਟਲੀ 'ਚ ਸਤਿੰਦਰ ਸਰਤਾਜ ਨੇ ਲਾਈਆਂ ਖੂਬ ਰੌਣਕਾਂ, ਰਿਕਾਰਡ ਇਕੱਠ ਵੇਖਣ ਨੂੰ ਮਿਲਿਆ




ਪੰਜਾਬੀ ਸੰਗੀਤ ਇੰਡਸਟਰੀ 'ਚ ਉੱਚੀਆਂ ਬੁਲੰਦੀਆਂ ਛੂਹਣ ਵਾਲੇ ਲੱਖਾਂ ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਸਤਿੰਦਰ ਸਿਰਤਾਜ ਦਾ ਯੂਰਪ 'ਚ 13 ਜੁਲਾਈ ਨੂੰ ਸਟੇਜ ਸ਼ੋਅ ਹੋਇਆ। ਇਟਲੀ ਦੇ ਦਿਲ ਕਰਕੇ ਜਾਣੇ ਜਾਂਦੇ ਸ਼ਹਿਰ ਰੋਮ ਵਿੱਚ ਇਹ ਸਟੇਜ ਸ਼ੋਅ ਯੂਰਪ ਦੀ ਧਰਤੀ 'ਤੇ ਇੱਕ ਨਵਾਂ ਇਤਿਹਾਸ ਲਿਖਣ ਵਿੱਚ ਕਾਮਯਾਬ ਹੋਇਆ ਹੈ।ਦੱਸਣਯੋਗ ਹੈ ਕਿ ਇਟਲੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਪੰਜਾਬੀ ਗਾਇਕ ਨੇ ਵੈਟੀਕਰਨ ਸਿਟੀ ਦੇ ਨੇੜਲੇ ਕਿਸੇ ਹਾਲ ਵਿਚ ਸ਼ੋਅ ਕਰਨ ਦਾ ਹੌਸਲਾ ਵਿਖਾਇਆ ਸੀ ਜਿਸ ਵਿਚ ਸਤਿੰਦਰ ਸਿਰਤਾਜ 'ਤੇ ਉਨਾਂ ਦੀ ਟੀਮ ਪੂਰੀ ਤਰ੍ਹਾਂ ਕਾਮਯਾਬ ਰਹੀ। ਵੱਡੀ ਤਦਾਦ ਵਿਚ ਪਹੁੰਚੇ ਸਰੋਤਿਆਂ ਦੇ ਇਕੱਠ ਤੋਂ ਪਤਾ ਲੱਗਦਾ ਹੈ ਕਿ ਉਹ ਸਿਰਤਾਜ ਦੀ ਗਾਇਕੀ ਨੂੰ ਕਿੰਨਾ ਪਿਆਰ ਕਰਦੇ ਹਨ। ਯੂਰਪ ਦੇ ਮਸ਼ਹੂਰ ਐਂਕਰ ਮਨਦੀਪ ਸੈਣੀ ਨੇ ਆਪਣੀ ਮਿੱਠੀ ਅਵਾਜ਼ ਰਾਹੀਂ ਸਿਰਤਾਜ ਨੂੰ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰਦਿਆਂ ਸ਼ਾਇਰੋ-ਸ਼ਾਇਰੀ ਨਾਲ ਖੂਬ ਰੰਗ ਬੰਨਦਿਆ ਵਾਹ ਵਾਹ ਖੱਟੀ। ਉਸ ਮਗਰੋਂ ਸਤਿੰਦਰ ਸਿਰਤਾਜ ਨੇ ਇੱਕ ਤੋਂ ਵੱਧ ਇਕ ਗੀਤਾਂ ਗੱਲਵਕੜੀ , ਤਰੱਕੀਆਂ , ਪਹਿਲੀ ਕਿੱਕ ਤੇ ਸਾਟ ਮੇਰਾ ਜਾਮਾ ਨਾਲ ਲੋਕਾਂ ਨੂੰ ਝੂਮਣ ਲਾ ਛੱਡਿਆ ਅਤੇ ਸ਼ੋਅ ਦੀ ਕਾਮਯਾਬੀ ਦੀ ਸਾਰਾ ਸਿਹਰਾ ਸਮੁੱਚੀ ਟੀਮ ਅਤੇ ਮੁੱਖ ਪ੍ਰਬੰਧਕ ਪੰਕਜ ਢੀਂਗਰਾ, ਸੰਦੀਪ ਸਿੰਘ, ਗੁਰਲਾਲ ਚਾਹਲ , ਰੌਬਿਨ ਅਤੇ ਵਿਕਾਸ ਸਿਰ ਜਾਂਦਾ ਹੈ। ਇਨ੍ਹਾਂ ਨੇ ਸ਼ੋਅ ਨੂੰ ਕਾਮਯਾਬ ਬਣਾਉਣ ਲਈ ਖੂਬ ਮਿਹਨਤ ਕੀਤੀ ਸੀ। ਇਸ ਸ਼ੋਅ ਨੂੰ ਕਾਮਯਾਬ ਬਣਾਉਣ ਲਈ ਲੋਕ ਨੇੜਲੇ ਪਿੰਡਾਂ ਤੋਂ ਬੱਸਾਂ ਭਰ-ਭਰ ਪਹੁੰਚੇ ਹੋਏ ਸਨ ।

## ਅਦਾਕਾਰਾ ਰੁਬੀਨਾ ਬਾਜਵਾ ਦੇ ਘਰ ਜਲਦ ਹੀ ਗੂੰਜਣਗੀਆਂ ਕਿਲਕਾਰੀ ਆਂ




ਪੰਜਾਬੀ ਫ਼ਿਲਮ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਰੁਬੀਨਾ ਬਾਜਵਾ ਇੰਨੀਂ ਦਿਨੀਂ ਖੂਬ ਸੁਰਖੀਆਂ ਬਟੋਰ ਰਹੀ ਹੈ। ਅਦਾਕਾਰਾ ਦੀ ਭੈਣ ਰੁਬੀਨਾ ਬਾਜਵਾ ਮਾਂ ਬਣਨ ਵਾਲੀ ਹੈ। ਇਸ ਦੀ ਜਾਣਕਾਰੀ ਰੁਬੀਨਾ ਬਾਜਵਾ ਦੇ ਪਤੀ ਗੁਰਬਖਸ਼ ਚਾਹਲ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਪਰ ਖਾਸ ਪੋਸਟ ਸ਼ੇਅਰ ਕਰ ਦਿੱਤੀ ਹੈ। ਪੋਸਟ ਨੂੰ ਦੇਖ ਕੇ ਫੈਨਜ਼ ਖੁਸ਼ ਹੋ ਰਹੇ ਹਨ ਅਤੇ ਕੁਮੈਂਟ ਰਾਹੀਂ ਅਦਾਕਾਰਾ ਨੂੰ ਵਧਾਈਆਂ ਦੇ ਰਹੇ ਹਨ। ਦੱਸ ਦਈਏ ਕਿ ਨੀਰੂ ਬਾਜਵਾ ਜਲਦ ਹੀ ਮਾਸੀ ਬਣਨ ਵਾਲੀ ਹੈ। ਖਾਸ ਗੱਲ ਇਹ ਹੈ ਕਿ ਰੁਬੀਨਾ ਬਾਜਵਾ ਅਤੇ ਗੁਰਬਖਸ਼ ਆਪਣੇ ਪਹਿਲੇ ਬੱਚੇ ਦਾ ਸਵਾਗਤ ਕਰਨ ਵਾਲੇ ਹਨ। ਗੁਰਬਖਸ਼ ਚਾਹਲ ਨੇ ਇਹ ਖੁਸ਼ਖਬਰੀ 17 ਜੁਲਾਈ ਦੇ ਦਿਨ ਇਸ ਲਈ ਸੁਣਾਈ ਹੈ, ਕਿਉਂਕਿ ਅਦਾਕਾਰਾ ਦਾ ਪਤੀ ਅੱਜ ਆਪਣਾ ਜਨਮਦਿਨ ਮਨਾ ਰਹੇ ਹਨ। ਉਨ੍ਹਾਂ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ, 2024 ਉਹ ਸਾਲ ਹੈ ਜਿਸ ਨੇ ਸਾਡਾ ਸਭ ਕੁਝ ਬਦਲ ਦਿੱਤਾ ਹੈ। ਉਸ ਦੇ ਪਤੀ ਨੇ ਪੋਸਟ ਦੀ ਕੈਪਸ਼ਨ 'ਚ ਲਿਖਿਆ 'ਰੁਬੀਨਾ, ਮਾਈ ਲਵ ਤੁਸੀਂ ਮੈਨੂੰ ਜਨਮਦਿਨ ਦਾ ਸਭ ਤੋਂ ਵੱਡਾ ਤੋਹਫ਼ਾ ਦਿੱਤਾ ਹੈ ਜਿਸਦੀ ਮੈਂ ਕਦੇ ਕਲਪਨਾ ਵੀ ਨਹੀਂ ਕਰ ਸਕਦਾ ਸੀ।' ਵਰਕਫਰੰਟ ਦੀ ਗੱਲ ਕਰਿਏ ਤਾਂ ਰੁਬੀਨਾ ਬਾਜਵਾ ਨੇ ਕਈ ਪੰਜਾਬੀ ਫਿਲਮਾਂ 'ਚ ਕੰਮ ਕੀਤਾ ਹੈ। ਉਨ੍ਹਾਂ ਦੀ ਅਦਾਕਾਰੀ ਨੂੰ ਪ੍ਰਸ਼ੰਸਕਾਂ ਵੱਲੋਂ ਬੇਹੱਦ ਪਸੰਦ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਅਦਾਕਾਰਾ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਪ੍ਰਸ਼ੰਸਕਾਂ ਵਿਚਾਲੇ ਹਮੇਸ਼ਾ ਐਕਟਿਵ ਨਜ਼ਰ ਆਉਂਦੀ ਹੈ।

## ਸ਼ਹਿਨਾਜ਼ ਗਿੱਲ ਦਾ ਵਿਦੇਸ਼ੀ ਪੰਜਾਬੀਆਂ ਨੂੰ ਪਿਆਰਾ ਤੋਹਫ਼ਾ, 19 ਜੁਲਾਈ ਨੂੰ ਨਿਊਜਰਸੀ ਲਾਵੇਗੀ ਰੌਣਕਾਂ




'ਪੰਜਾਬ ਦੀ ਕੈਟਰੀਨਾ ਕੈਫ' ਸ਼ਹਿਨਾਜ਼ ਕੌਰ ਗਿੱਲ ਇੱਕ ਮਸ਼ਹੂਰ ਸ਼ਖਸੀਅਤ ਹੈ, ਜਿਸ ਨੇ ਪੰਜਾਬੀ ਸਿਨੇਮਾ 'ਚ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਪਰ 'ਬਿੱਗ ਬੌਸ' 'ਚ ਆਉਣ ਮਗਰੋਂ ਉਸ ਨੇ ਹਰ ਕਿਸੇ ਦਾ ਦਿਲ ਜਿੱਤ ਲਿਆ ਸੀ। ਭਾਵੇਂ ਉਹ 'ਬਿੱਗ ਬੌਸ 13' ਦੀ ਵਿਜੇਤਾ ਦੇ ਤੌਰ 'ਤੇ ਨਹੀਂ ਉਭਰੀ ਪਰ ਸ਼ੋਅ ਤੋਂ ਬਾਅਦ ਉਹ ਬਹੁਤ ਮਸ਼ਹੂਰ ਹੋ ਗਈ। ਹੁਣ ਉਸ ਦੀ ਫੈਨ ਫਾਲੋਇੰਗ ਸਿਰਫ਼ ਪੰਜਾਬ 'ਚ ਹੀ ਨਹੀਂ ਸਗੋਂ ਦੇਸ਼ ਭਰ ਦੇ ਲੋਕ ਵੀ ਉਸ ਨੂੰ ਪਿਆਰ ਕਰਦੇ ਹਨ।ਦੱਸ ਦਈਏ ਕਿ ਖ਼ਬਰ ਸਾਹਮਣੇ ਆ ਰਹੀ ਹੈ ਕਿ 19 ਜੁਲਾਈ ਨੂੰ ਸ਼ਹਿਨਾਜ਼ ਗਿੱਲ ਅਮਰੀਕਾ ਦਾ ਆਪਣਾ ਦੌਰਾ ਸ਼ੁਰੂ ਕਰ ਰਹੀ ਹੈ। ਉਸ ਦਾ ਪਹਿਲਾ ਸਟਾਪ ਨਿਊਜਰਸੀ ਹੋਵੇਗਾ। ਆਪਣੀ ਹਾਲੀਆ ਸਟੋਰੀ 'ਚ ਉਸ ਨੇ ਆਪਣੇ ਸ਼ੋਅ ਬਾਰੇ ਜਾਣਕਾਰੀ ਫੈਨਜ਼ ਨਾਲ ਸਾਂਝੀ ਕੀਤੀ ਸੀ।ਵਰਕ ਫਰੰਟ ਦੀ ਗੱਲ ਕਰੀਏ ਤਾਂ ਸ਼ਹਿਨਾਜ਼ ਕੌਰ ਗਿੱਲ ਨੇ 'ਬਿੱਗ ਬੌਸ 13' ਤੋਂ ਬਾਅਦ ਬਾਲੀਵੁੱਡ 'ਚ ਆਪਣੀ ਵੱਖਰੀ ਪਛਾਣ ਬਣਾ ਲਈ ਹੈ। 'ਬਿੱਗ ਬੌਸ' ਹਾਊਸ 'ਚ ਸ਼ਹਿਨਾਜ਼ ਨੇ ਮਰਹੂਮ ਅਦਾਕਾਰ ਸਿਧਾਰਥ ਸ਼ੁਕਲਾ ਨਾਲ ਆਪਣੀ ਦੋਸਤੀ, ਆਪਣੇ ਪਿਆਰੇ ਤੇ ਚੁੱਲਬੁਲੇ ਅੰਦਾਜ਼ ਨਾਲ ਦਰਸ਼ਕਾਂ ਦਿਲ ਜਿੱਤਿਆ ਸੀ।

## ਕੀ ਸਚਿਨ ਤੇਂਦੁਲਕਰ ਦੀ ਲਾਡਲੀ ਸਾਰਾ ਬਾਲੀਵੁੱਡ 'ਚ ਕਰਨ ਜਾ ਰਹੀ ਹੈ ਡੈਬਿਊ?



ਭਾਰਤੀ ਕ੍ਰਿਕਟਰ ਸਚਿਨ ਤੇਂਦੁਲਕਰ ਦੀ ਬੇਟੀ ਸਾਰਾ ਤੇਂਦੁਲਕਰ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਚਰਚਾ ਦਾ ਕੇਂਦਰ ਬਣੀ ਹੋਈ ਹੈ। ਹਾਲ ਹੀ 'ਚ ਸਾਰਾ ਦੀ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ਨੇ ਉਸ ਦੇ ਬਾਲੀਵੁੱਡ ਡੈਬਿਊ ਦੀਆਂ ਅਫਵਾਹਾਂ ਨੂੰ ਹਵਾ ਦੇ ਦਿੱਤੀ ਹੈ। ਸਾਰਾ ਤੇਂਦੁਲਕਰ ਆਪਣੀ ਨਿੱਜੀ ਜ਼ਿੰਦਗੀ ਨੂੰ ਮੀਡੀਆ ਤੋਂ ਦੂਰ ਰੱਖਦੀ ਆਈ ਹੈ ਪਰ ਇਸ ਵੀਡੀਓ 'ਚ ਉਹ ਗਲੈਮਰਸ ਅੰਦਾਜ਼ 'ਚ ਨਜ਼ਰ ਆ ਰਹੀ ਹੈ। ਸਾਰਾ ਦਾ ਇਹ ਵੀਡੀਓ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ, ਜਿਸ ਕਾਰਨ ਕਿਆਸ ਲਗਾਏ ਜਾ ਰਹੇ ਹਨ ਕਿ ਸਾਰਾ ਬਾਲੀਵੁੱਡ 'ਚ ਕਦਮ ਰੱਖਣ ਦੀ ਤਿਆਰੀ ਕਰ ਰਹੀ ਹੈ। ਵੀਡੀਓ 'ਚ ਸਾਰਾ ਤੇਂਦੁਲਕਰ Royal Blue Color ਦੀ Satin ਡਰੈੱਸ 'ਚ ਨਜ਼ਰ ਆ ਰਹੀ ਹੈ ਅਤੇ ਬੇਹੱਦ ਖੂਬਸੂਰਤ ਲੱਗ ਰਹੀ ਹੈ। ਉਸ ਦੇ ਪਿੱਛੇ-ਪਿੱਛੇ ਇਕ ਗਰੁੱਪ ਵੀ ਚੱਲਦਾ ਨਜ਼ਰ ਆ ਰਿਹਾ ਹੈ, ਜੋ ਸ਼ਾਇਦ ਉਸ ਦੀ ਟੀਮ ਹੈ। ਸਾਰਾ ਤੇਂਦੁਲਕਰ ਦਾ ਇਹ ਵੀਡੀਓ ਮੁੰਬਈ ਦੇ ਪਾਲੀ ਹਿੱਲ ਇਲਾਕੇ ਦਾ ਹੈ। ਜਿੱਥੇ ਉਹ ਇੱਕ ਵੈਨ ਵੱਲ ਜਾਂਦੀ ਦਿਖਾਈ ਦਿੱਤੀ। ਸਾਰਾ ਦੇ ਇਸ ਵੀਡੀਓ 'ਤੇ ਕੁਮੈਂਟ ਕਰਕੇ ਪ੍ਰਸ਼ੰਸਕ ਉਸ ਦੇ ਐਕਟਿੰਗ ਡੈਬਿਊ ਨੂੰ ਲੈ ਕੇ ਅੰਦਾਜ਼ੇ ਲਗਾ ਰਹੇ ਹਨ।

### ਸਾਰਾ ਦੀ ਫੈਨ ਫਾਲੋਇੰਗ ਦੀ ਲਿਸਟ ਹੈ ਲੰਬੀ

ਸਾਰਾ ਤੇਂਦੁਲਕਰ ਬਾਰੇ ਕਈ ਵਾਰ ਅਫਵਾਹਾਂ ਫੈਲ ਚੁੱਕੀਆਂ ਹਨ ਕਿ ਉਹ ਅਦਾਕਾਰੀ ਦੀ ਦੁਨੀਆ 'ਚ ਆਪਣਾ ਕਰੀਅਰ ਬਣਾਉਣਾ ਚਾਹੁੰਦੀ ਹੈ। ਉਹ ਸੋਸ਼ਲ ਮੀਡੀਆ 'ਤੇ ਪਹਿਲਾਂ ਹੀ ਬਹੁਤ ਮਸ਼ਹੂਰ ਹੈ ਅਤੇ ਲੱਖਾਂ 'ਚ ਉਸ ਦੇ ਫੈਨ ਫਾਲੋਇੰਗ ਹਨ। ਸਾਰਾ ਤੇਂਦੁਲਕਰ ਦੇ ਪੇਸ਼ੇ ਦੀ ਗੱਲ ਕਰੀਏ ਤਾਂ ਉਹ ਇੱਕ ਮਾਡਲ ਹੈ ਅਤੇ ਅਕਸਰ ਸੋਸ਼ਲ ਮੀਡੀਆ 'ਤੇ ਆਪਣੇ ਫੋਟੋਸ਼ੂਟ ਦੇ ਅਪਡੇਟ ਸ਼ੇਅਰ ਕਰਦੀ ਰਹਿੰਦੀ ਹੈ। ਸਾਰਾ ਨੇ ਹੁਣ ਤੱਕ ਕੁਝ ਬ੍ਰਾਂਡ ਐਂਡੋਰਸਮੈਂਟ ਵੀ ਕੀਤੇ ਹਨ।ਕੀ

### ਬਾਲੀਵੁੱਡ 'ਚ ਕਰੇਗੀ ਡੈਬਿਊ?

ਹਾਲਾਂਕਿ ਇਸ ਸਬੰਧ 'ਚ ਸਚਿਨ ਤੇਂਦੁਲਕਰ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਸਾਰਾ ਨੇ ਵੀ ਇਨ੍ਹਾਂ ਅਫਵਾਹਾਂ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ ਪਰ ਇਸ ਵੀਡੀਓ ਨੇ ਪ੍ਰਸ਼ੰਸਕਾਂ ਅਤੇ ਮੀਡੀਆ ਵਿਚਕਾਰ ਸਾਰਾ ਦੇ ਬਾਲੀਵੁੱਡ ਡੈਬਿਊ ਨੂੰ ਲੈ ਕੇ ਚਰਚਾਵਾਂ ਤੇਜ਼ ਕਰ ਦਿੱਤੀਆਂ ਹਨ।

## ਇਹ ਨੇ ਪੰਜਾਬੀ ਸਿਨੇਮਾ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਫ਼ਿਲਮਾਂ, 'ਜੱਟ ਐਂਡ ਜੂਲੀਅਟ 3' ਵੀ ਲਿਸਟ 'ਚ ਸ਼ਾਮਲ



ਪੰਜਾਬੀ ਮਨੋਰੰਜਨ ਇੰਡਸਟਰੀ ਨੇ ਪਿਛਲੇ ਸਾਲਾਂ ਦੌਰਾਨ ਕਾਫ਼ੀ ਤਰੱਕੀ ਦਾ ਅਨੁਭਵ ਕੀਤਾ ਹੈ, ਇਹ ਪ੍ਰਸ਼ੰਸਕਾਂ ਨੂੰ ਸ਼ਾਨਦਾਰ ਸਮੱਗਰੀ ਪ੍ਰਦਾਨ ਕਰਕੇ ਖਿੱਚ ਰਿਹਾ ਹੈ। ਹੁਣ ਇੱਥੇ ਅਸੀਂ ਪੰਜਾਬੀ ਸਿਨੇਮਾ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਦੀ ਇੱਕ ਲਿਸਟ ਤਿਆਰ ਕੀਤੀ ਹੈ। ਆਓ ਸਰਸਰੀ ਨਜ਼ਰ ਮਾਰੀਏ...

ਕੈਰੀ ਆਨ ਜੱਟਾ 3 :- ਪਿਛਲੇ ਸਾਲ ਰਿਲੀਜ਼ ਹੋਈ ਸਮੀਪ ਕੰਗ ਦੁਆਰਾ ਨਿਰਦੇਸ਼ਤ ਅਤੇ ਗਿੱਪੀ ਗਰੇਵਾਲ-ਸੋਨਮ ਬਾਜਵਾ ਸਟਾਰਰ ਪੰਜਾਬੀ ਫ਼ਿਲਮ 'ਕੈਰੀ ਆਨ ਜੱਟਾ 3' ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਫ਼ਿਲਮ ਨੇ ਕਈ ਤਰ੍ਹਾਂ ਦੇ ਰਿਕਾਰਡ ਤੋੜੇ ਸਨ। 'ਕੈਰੀ ਆਨ ਜੱਟਾ 3' ਪਾਲੀਵੁੱਡ ਦੀ ਪਹਿਲੀ ਅਜਿਹੀ ਫ਼ਿਲਮ ਹੈ, ਜਿਸ ਨੇ 100 ਕਰੋੜ ਦੀ ਕਮਾਈ ਕੀਤੀ ਹੈ। ਇਸ ਫ਼ਿਲਮ ਨੇ ਸਾਰੀ 103 ਕਰੋੜ ਦੀ ਕਮਾਈ ਕੀਤੀ ਸੀ, ਇਸ ਲਈ ਗਿੱਪੀ ਦੀ ਇਹ ਫ਼ਿਲਮ ਇਸ ਲਿਸਟ 'ਚ ਪਹਿਲੇ ਸਥਾਨ ਉਤੇ ਹੈ।

ਜੱਟ ਐਂਡ ਜੂਲੀਅਟ 3 :- ਹਾਲ ਹੀ 'ਚ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਜੱਟ ਐਂਡ ਜੂਲੀਅਟ 3' ਪੰਜਾਬੀ ਸਿਨੇਮਾ ਦੀ ਦੂਜੀ ਸਭ ਤੋਂ ਜਿਆਦਾ ਕਮਾਈ ਕਰਨ ਵਾਲੀ ਫ਼ਿਲਮ ਬਣ ਗਈ ਹੈ। ਇਸ ਫ਼ਿਲਮ ਨੇ ਹੁਣ ਤੱਕ 100 ਕਰੋੜ ਦਾ ਅੰਕੜਾ ਪਾਰ ਕਰ ਲਿਆ ਹੈ। ਇਸ ਫ਼ਿਲਮ 'ਚ ਨੀਰੂ ਬਾਜਵਾ ਅਤੇ ਦਿਲਜੀਤ ਦੁਸਾਂਝ ਮੁੱਖ ਭੂਮਿਕਾ 'ਚ ਹਨ। ਇਸ ਦਾ ਲੇਖਨ ਅਤੇ ਨਿਰਦੇਸ਼ਨ ਜਗਦੀਪ ਸਿੱਧੂ ਨੇ ਕੀਤਾ ਹੈ।

ਮਸਤਾਨੇ :- ਪੰਜਾਬੀ ਫ਼ਿਲਮ 'ਮਸਤਾਨੇ' ਪਿਛਲੇ ਸਾਲ 25 ਅਗਸਤ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ, 'ਮਸਤਾਨੇ' ਨੇ ਰਿਲੀਜ਼ ਤੋਂ ਪਹਿਲਾਂ ਹੀ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਲਿਆ ਸੀ। ਮਸਤਾਨੇ ਪੰਜਾਬੀ ਸਿਨੇਮਾ ਦੀ ਤੀਜੀ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਹੈ। ਤਰਸੇਮ ਜੱਸੜ ਸਟਾਰਰ ਇਸ ਫ਼ਿਲਮ ਨੇ 74 ਕਰੋੜ ਦਾ ਸ਼ਾਨਦਾਰ ਕਲੈਕਸ਼ਨ ਕੀਤਾ ਸੀ।

ਕੈਰੀ ਆਨ ਜੱਟਾ 2 :- 'ਕੈਰੀ ਆਨ ਜੱਟਾ 2' ਸਮੀਪ ਕੰਗ ਦੁਆਰਾ ਨਿਰਦੇਸ਼ਤ 2018 ਦੀ ਇੱਕ ਪੰਜਾਬੀ ਕਾਮੇਡੀ ਫ਼ਿਲਮ ਹੈ। ਫ਼ਿਲਮ 'ਚ ਗਿੱਪੀ ਗਰੇਵਾਲ ਅਤੇ ਸੋਨਮ ਬਾਜਵਾ ਦੇ ਨਾਲ ਗੁਰਪ੍ਰੀਤ ਘੁੱਗੀ, ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਬੀ.ਐਨ. ਸ਼ਰਮਾ, ਕਰਮਜੀਤ ਅਨਮੋਲ ਅਤੇ ਉਪਾਸਨਾ ਸਿੰਘ ਅਤੇ ਜੋਤੀ ਸੇਠੀ ਸਹਾਇਕ ਭੂਮਿਕਾਵਾਂ 'ਚ ਸਨ। ਇਹ ਫ਼ਿਲਮ 1 ਜੂਨ 2018 ਨੂੰ ਰਿਲੀਜ਼ ਹੋਈ ਸੀ ਅਤੇ ਇਸ ਨੇ ਬਾਕਸ ਆਫਿਸ 'ਤੇ ਕਈ ਰਿਕਾਰਡ ਤੋੜੇ ਸਨ। ਫ਼ਿਲਮ ਨੇ ਦੁਨੀਆ ਭਰ 'ਚ 57.67 ਕਰੋੜ ਦੀ ਕਮਾਈ ਕੀਤੀ ਸੀ।

ਚੱਲ ਮੇਰਾ ਪੁੱਤਰ 2 :- 'ਚੱਲ ਮੇਰਾ ਪੁੱਤਰ 2' 2020 ਦੀ ਇੱਕ ਪੰਜਾਬੀ ਦੀ ਕਾਮੇਡੀ ਡਰਾਮਾ ਫ਼ਿਲਮ ਹੈ, ਜਿਸ ਦਾ ਨਿਰਦੇਸ਼ਨ ਜਨਜੋਤ ਸਿੰਘ ਨੇ ਕੀਤਾ ਹੈ। ਇਸ ਫ਼ਿਲਮ ਨੂੰ 'ਰਿਦਮ ਬੁਆਇਜ਼ ਐਂਟਰਟੇਨਮੈਂਟ' ਦੇ ਅਧੀਨ ਕਾਰਜ ਗਿੱਲ ਦੁਆਰਾ ਅਤੇ 'ਓਮਜੀ ਸਟਾਰ ਸਟੂਡੀਓਜ਼' ਦੇ ਅਧੀਨ ਆਸ਼ੂ ਮੁਨੀਸ਼ ਸਾਹਨੀ ਦੁਆਰਾ ਨਿਰਮਿਤ ਕੀਤਾ ਗਿਆ ਹੈ। ਇਸ 'ਚ ਅਮਰਿੰਦਰ ਗਿੱਲ, ਸਿੰਮੀ ਚਾਹਲ ਅਤੇ ਗੈਰੀ ਸੰਧੂ ਮੁੱਖ ਭੂਮਿਕਾਵਾਂ ਵਿੱਚ ਹਨ। ਫ਼ਿਲਮ ਨੇ ਪੂਰੀ ਦੁਨੀਆਂ 'ਚ 55.41 ਕਰੋੜ ਦੀ ਕਮਾਈ ਕੀਤੀ ਸੀ।

ਸੌਂਕਣ ਸੌਂਕਣੇ :- 'ਸੌਂਕਣ ਸੌਂਕਣੇ' ਇੱਕ 2022 ਦੀ ਪੰਜਾਬੀ ਫ਼ਿਲਮ ਹੈ, ਇਹ ਅਮਰਜੀਤ ਸਿੰਘ ਸਰੋਂ ਦੁਆਰਾ ਨਿਰਦੇਸ਼ਿਤ ਰੁਮਾਂਟਿਕ ਕਾਮੇਡੀ ਫ਼ਿਲਮ ਹੈ। 'ਨਾਦ ਐਸਐਸ ਸਟੂਡੀਓਜ਼' ਦੇ ਬੈਨਰ ਹੇਠ ਬਣੀ ਇਸ ਫ਼ਿਲਮ 'ਚ ਐਮੀ ਵਿਰਕ, ਸਰਗੁਣ ਮਹਿਤਾ ਅਤੇ ਨਿਮਰਤ ਖਹਿਰਾ ਹਨ। ਇਹ 13 ਮਈ 2022 ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ। ਇਸ ਫ਼ਿਲਮ ਨੇ 55 ਕਰੋੜ ਦੀ ਕਮਾਈ ਕੀਤੀ ਸੀ।

ਹੌਂਸਲਾ ਰੱਖ :- 'ਹੌਂਸਲਾ ਰੱਖ' ਇੱਕ 2021 ਦੀ ਪੰਜਾਬੀ ਰੁਮਾਂਟਿਕ ਕਾਮੇਡੀ ਫ਼ਿਲਮ ਹੈ, ਜਿਸ ਦਾ ਨਿਰਦੇਸ਼ਨ ਅਮਰਜੀਤ ਸਿੰਘ ਸਰੋਂ ਦੁਆਰਾ ਕੀਤਾ ਗਿਆ ਹੈ, ਜਿਸ 'ਚ ਦਿਲਜੀਤ ਦੋਸਾਂਝ, ਸੋਨਮ ਬਾਜਵਾ, ਸ਼ਹਿਨਾਜ਼ ਗਿੱਲ ਅਦਾਕਾਰ ਹਨ, ਇਹ ਨਿਰਮਾਤਾ ਵਜੋਂ ਦਿਲਜੀਤ ਦੋਸਾਂਝ ਦੀ ਸ਼ੁਰੂਆਤ ਸੀ। ਇਸ ਫ਼ਿਲਮ ਨੇ 54 ਕਰੋੜ ਦੀ ਕਮਾਈ ਕੀਤੀ ਸੀ।

ਛੜਾ :- ਇੱਕ 2019 ਦੀ ਪੰਜਾਬੀ ਰੁਮਾਂਟਿਕ ਕਾਮੇਡੀ ਫ਼ਿਲਮ ਹੈ, ਜੋ ਜਗਦੀਪ ਸਿੱਧੂ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਦਿਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਸਟਾਰਰ ਇਹ ਫ਼ਿਲਮ 21 ਜੂਨ 2019 ਨੂੰ ਦੁਨੀਆ ਭਰ 'ਚ ਰਿਲੀਜ਼ ਹੋਈ ਸੀ। ਫ਼ਿਲਮ ਨੂੰ ਆਲੋਚਕਾਂ ਦੁਆਰਾ ਸਕਾਰਾਤਮਕ ਪ੍ਰਤੀਕਿਰਿਆ ਮਿਲੀਆਂ ਸਨ। ਫ਼ਿਲਮ ਨੇ 52.75 ਕਰੋੜ ਦੀ ਕਮਾਈ ਕੀਤੀ ਸੀ।

ਚਾਰ ਸਾਹਿਬਜ਼ਾਦੇ :- ਚਾਰ ਸਾਹਿਬਜ਼ਾਦੇ 2014 ਦੀ ਪੰਜਾਬੀ-ਹਿੰਦੀ 3D ਕੰਪਿਊਟਰ-ਐਨੀਮੇਟਡ ਇਤਿਹਾਸਕ ਡਰਾਮਾ ਫ਼ਿਲਮ ਹੈ, ਜੋ ਹੈਰੀ ਬਵੇਜਾ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਇਹ 10ਵੇਂ ਸਿੱਖ ਗੁਰੂ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ-ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਦੀਆਂ ਕੁਰਬਾਨੀਆਂ 'ਤੇ ਆਧਾਰਿਤ ਹੈ। ਵੱਖ-ਵੱਖ ਕਿਰਦਾਰਾਂ ਲਈ ਆਵਾਜ਼ ਕਲਾਕਾਰਾਂ ਨੂੰ ਗੁੰਮਨਾਮ ਰੱਖਿਆ ਗਿਆ ਸੀ। ਜਦੋਂ ਇਹ ਰਿਲੀਜ਼ ਹੋਈ ਸੀ ਤਾਂ ਇਹ ਸਭ ਤੋਂ ਵੱਧ ਕਮਾਈ ਕਰਨ ਵਾਲੀ ਪੰਜਾਬੀ ਫ਼ਿਲਮ ਵੀ ਬਣ ਗਈ ਸੀ। ਫ਼ਿਲਮ ਨੇ 45.96 ਕਰੋੜ ਦੀ ਕਮਾਈ ਕੀਤੀ ਸੀ।

ਸਰਦਾਰ ਜੀ :- ਸਰਦਾਰ ਜੀ 2015 ਦੀ ਇੱਕ ਪੰਜਾਬੀ ਕਾਮੇਡੀ ਫ਼ਿਲਮ ਹੈ, ਜੋ ਰੋਹਿਤ ਜੁਗਰਾਜ ਦੁਆਰਾ ਨਿਰਦੇਸ਼ਤ ਹੈ ਅਤੇ ਇਸ 'ਚ ਦਿਲਜੀਤ ਦੋਸਾਂਝ, ਮੈਂਡੀ ਤੱਖਰ ਅਤੇ ਨੀਰੂ ਬਾਜਵਾ ਮੁੱਖ ਭੂਮਿਕਾਵਾਂ 'ਚ ਹਨ। 26 ਜੂਨ 2015 ਨੂੰ ਰਿਲੀਜ਼ ਹੋਈ ਇਸ ਫ਼ਿਲਮ ਨੇ 38.38 ਕਰੋੜ ਦੀ ਕਮਾਈ ਕੀਤੀ ਸੀ।

# ਵੈਂਸ ਨੇ ਉਪ-ਰਾਸ਼ਟਰਪਤੀ ਦੀ ਉਮੀਦਵਾਰੀ ਕੀਤੀ ਸਵੀਕਾਰ, ਮੁਸ਼ਕਲ 'ਚ ਬੀਤੇ ਬਚਪਨ 'ਤੇ ਪਾਇਆ ਚਾਨਣਾ



ਰਿਪਬਲਿਕਨ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਨਾਮਜ਼ਦਗੀ ਸਵੀਕਾਰ ਕਰਦੇ ਹੋਏ ਜੇ.ਡੀ. ਵੈਂਸ ਨੇ ਬੁੱਧਵਾਰ ਰਾਤ ਨੂੰ ਦੇਸ਼ ਵਾਸੀਆਂ ਨਾਲ ਆਪਣੀ ਜਾਣ-ਪਛਾਣ ਕਰਵਾਈ ਅਤੇ ਆਪਣੇ ਔਖੇ ਬਚਪਨ ਬਾਰੇ ਚਾਨਣਾ ਪਾਇਆ। ਵੈਂਸ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੰਘਰਸ਼ ਕਰ ਰਹੇ ਅਮਰੀਕੀਆਂ ਨੂੰ ਦਰਪੇਸ਼ ਚੁਣੌਤੀਆਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਰਿਪਬਲਿਕਨ ਨੈਸ਼ਨਲ ਕਨਵੈਨਸ਼ਨ (ਆਰ.ਐਨ.ਸੀ) ਦੇ ਮੁੱਖ ਭਾਸ਼ਣ ਵਿੱਚ ਵੈਂਸ ਨੇ ਕੈਂਟਕੀ ਅਤੇ ਓਹੀਓ ਵਿੱਚ ਇੱਕ ਗਰੀਬ ਪਰਿਵਾਰ ਵਿੱਚ ਵੱਡੇ ਹੋਣ ਦੀ ਆਪਣੀ ਕਹਾਣੀ, ਆਪਣੀ ਮਾਂ ਦੇ ਨਸ਼ੇ ਦੀ ਲਤ ਤੋਂ ਪੀੜਤ ਹੋਣ ਅਤੇ ਪਿਤਾ ਨਾ ਹੋਣ ਦੀ ਕਹਾਣੀ ਸਾਂਝੀ ਕੀਤੀ।

ਉਸਨੇ ਯੇਲ ਲਾਅ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਫਿਰ ਯੂ.ਐਸ ਮਰੀਨ ਵਿੱਚ ਸ਼ਾਮਲ ਹੋ ਗਿਆ। ਬਾਅਦ ਵਿੱਚ ਉਹ ਰਾਜਨੀਤੀ ਦੀ ਦੁਨੀਆ ਵਿੱਚ ਆਇਆ। ਵੈਂਸ ਨੇ ਕਿਹਾ, "ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਮੈਂ ਅੱਜ ਰਾਤ ਇੱਥੇ ਖੜ੍ਹਾ ਹੋਵਾਂਗਾ।" ਓਹੀਓ ਤੋਂ ਇੱਕ 39 ਸਾਲਾ ਸੈਨੇਟਰ, ਰਾਜਨੀਤੀ ਵਿੱਚ ਇੱਕ ਮੁਕਾਬਲਤਨ ਘੱਟ ਜਾਣਿਆ-ਪਛਾਣਿਆ ਚਿਹਰਾ ਹੈ ਅਤੇ ਦੋ ਸਾਲਾਂ ਤੋਂ ਘੱਟ ਸਮੇਂ ਤੋਂ ਸੈਨੇਟ ਵਿੱਚ ਹੈ। ਡੋਨਾਲਡ ਟਰੰਪ ਦੁਆਰਾ ਉਪ-ਰਾਸ਼ਟਰਪਤੀ ਉਮੀਦਵਾਰ ਵਜੋਂ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਵੈਂਸ ਨੇ ਆਪਣੇ ਆਪ ਨੂੰ ਭੁੱਲੇ ਹੋਏ ਮਜ਼ਦੂਰ ਵਰਗ ਲਈ ਇੱਕ ਕਰੂਸੇਡਰ ਦੱਸਿਆ। ਉਸਨੇ ਉਦਯੋਗਿਕ ਗਿਰਾਵਟ ਦਾ ਸਾਹਮਣਾ ਕਰ ਰਹੇ 'ਰਸਟ ਬੈਲਟ' ਵੋਟਰਾਂ ਨੂੰ ਅਪੀਲ ਕੀਤੀ ਜਿਨ੍ਹਾਂ ਨੇ 2016 ਵਿੱਚ ਟਰੰਪ ਦੀ ਹੈਰਾਨੀਜਨਕ ਜਿੱਤ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ,"ਓਹੀਓ ਜਾਂ ਪੈਨਸਿਲਵੇਨੀਆ ਜਾਂ ਮਿਸ਼ੀਗਨ ਵਰਗੇ ਛੋਟੇ ਕਸਬਿਆਂ, ਦੇਸ਼ ਭਰ ਵਿੱਚ ਸਾਡੇ ਰਾਜਾਂ ਵਿੱਚ, ਨੌਕਰੀਆਂ ਵਿਦੇਸ਼ਾਂ ਵਿੱਚ ਭੇਜੀਆਂ ਗਈਆਂ ਸਨ ਅਤੇ ਬੱਚਿਆਂ ਨੂੰ ਯੁੱਧ ਲਈ ਭੇਜਿਆ ਗਿਆ ਸੀ।"

ਉਸਨੇ ਕਿਹਾ, "ਮਿਡਲਟਾਊਨ, ਓਹੀਓ ਦੇ ਲੋਕਾਂ ਅਤੇ ਮਿਸ਼ੀਗਨ, ਵਿਸਕਾਨਸਿਨ, ਪੈਨਸਿਲਵੇਨੀਆ ਦੇ ਭੁਲਾ ਦਿੱਤੇ ਗਏ ਸਾਰੇ ਭਾਈਚਾਰਿਆਂ ਅਤੇ ਸਾਡੇ ਦੇਸ਼ ਦੇ ਹਰ ਕੋਨੇ ਦੇ ਲੋਕਾਂ ਨਾਲ ਇਹ ਵਾਅਦਾ ਕਰਦਾ ਹਾਂ, ਮੈਂ ਇੱਕ ਅਜਿਹਾ ਉਪ ਰਾਸ਼ਟਰਪਤੀ ਬਣਾਂਗਾ ਜੋ ਕਦੇ ਨਹੀਂ ਭੁੱਲੇਗਾ ਕਿ ਉਹ ਕਿੱਥੋਂ ਆਇਆ ਸੀ। ਕਦੇ ਸਾਬਕਾ ਰਾਸ਼ਟਰਪਤੀ ਟਰੰਪ ਦੇ ਕਠੋਰ ਆਲੋਚਕ ਰਹੇ ਵੈਂਸ ਹਾਲ ਹੀ ਦੇ ਸਾਲਾਂ ਵਿੱਚ ਉਸ ਦੇ ਕੱਟੜ ਸਮਰਥਕ ਵਜੋਂ ਉਭਰਿਆ ਹੈ। ਉਹ ਅਜਿਹੇ ਸਮੇਂ ਵਿੱਚ ਆਮ ਚੋਣਾਂ ਦੀ ਦੌੜ ਵਿੱਚ ਸ਼ਾਮਲ ਹੋਏ ਹਨ ਜਦੋਂ 78 ਸਾਲਾ ਟਰੰਪ ਅਤੇ 81 ਸਾਲਾ ਡੈਮੋਕ੍ਰੇਟਿਕ ਪਾਰਟੀ ਦੇ ਪ੍ਰਧਾਨ ਜੋਅ ਬਾਈਡੇਨ ਨੂੰ ਲੈ ਕੇ ਵੋਟਰਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਬੁੱਧਵਾਰ ਨੂੰ ਵੈਂਸ ਨੂੰ ਪੇਸ਼ ਕਰਦੇ ਹੋਏ ਇੰਡੀਆਨਾ ਰਿਪਬਲਿਕਨ ਜਿਮ ਬੈਂਕਸ ਨੇ ਕਿਹਾ, "ਡੋਨਾਲਡ ਟਰੰਪ ਦਾ ਜੇਡੀ ਵੈਂਸ ਨੂੰ ਚੁਣਨ ਦਾ ਫ਼ੈਸਲਾ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਟਰੰਪ ਨੇ ਵੈਂਸ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਚੁਣਿਆ ਹੈ ਜੋ ਦੇਸ਼ ਦਾ ਭਵਿੱਖ ਹੈ, ਰਿਪਬਲਿਕਨ ਪਾਰਟੀ ਦਾ ਭਵਿੱਖ ਹੈ, 'ਅਮਰੀਕਾ ਫਸਟ' ਅੰਦੋਲਨ ਦਾ ਕਾਨਫ਼ਰੰਸ ਸੈਂਟਰ ਵਿੱਚ ਮੌਜੂਦ ਲੋਕਾਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਹੈ। ਵੈਂਸ ਨੇ ਆਪਣੀ ਪਤਨੀ ਊਸ਼ਾ ਦੀ ਪ੍ਰਸ਼ੰਸਾ ਕੀਤੀ ਅਤੇ ਅਮਰੀਕਾ ਨੂੰ ਸੱਚਮੁੱਚ ਖੁਸ਼ਹਾਲ ਬਣਾਉਣ ਵਿੱਚ ਦੱਖਣੀ ਏਸ਼ੀਆਈ ਪ੍ਰਵਾਸੀਆਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ 2014 ਵਿੱਚ ਕੈਂਟਕੀ ਵਿੱਚ ਵਿਆਹ ਕੀਤਾ ਸੀ। ਉਨ੍ਹਾਂ ਦੇ ਦੋ ਬੇਟੇ ਇਵਾਨ ਤੇ ਵਿਵੇਕ ਅਤੇ ਬੇਟੀ ਮੀਰਾਬੇਲ ਹਨ।

# ਓਮਾਨ ਦੀ ਮਸਜਿਦ ਚ ਗੋਲੀਬਾਰੀ; ਇਕ ਭਾਰਤੀ ਸਮੇਤ 6 ਲੋਕਾਂ ਦੀ ਮੌਤ, 3 ਹਮਲਾਵਰ ਵੀ ਢੇਰ



ਓਮਾਨ ਦੀ ਰਾਜਧਾਨੀ ਮਸਕਟ 'ਚ ਇਕ ਮਸਜਿਦ ਕੋਲ ਸੋਮਵਾਰ ਨੂੰ ਤਾਬੜਤੋੜ ਗੋਲੀਬਾਰੀ ਹੋਈ। ਓਮਾਨ ਦੇ ਵਿਦੇਸ਼ ਮੰਤਰੀ ਨੇ ਜਾਣਕਾਰੀ ਦਿੱਤੀ ਹੈ ਕਿ ਇਸ ਗੋਲੀਬਾਰੀ ਵਿਚ ਇਕ ਭਾਰਤੀ ਨਾਗਰਿਕ ਦੀ ਜਾਨ ਚਲੀ ਗਈ ਅਤੇ ਇਕ ਵਿਅਕਤੀ ਜ਼ਖਮੀ ਹੋ ਗਿਆ। ਇਸ ਗੋਲੀਬਾਰੀ 'ਚ ਮਰਨ ਵਾਲਿਆਂ ਦੀ ਕੁੱਲ ਗਿਣਤੀ 6 ਹੈ, ਜਿਨ੍ਹਾਂ ਵਿੱਚੋਂ 4 ਪਾਕਿਸਤਾਨ ਦੇ ਹਨ।

## ਫਾਇਰਿੰਗ 'ਚ 30 ਤੋਂ ਜ਼ਿਆਦਾ ਲੋਕ ਹੋਏ ਜ਼ਖਮੀ

ਰਾਇਲ ਓਮਾਨ ਪੁਲਸ ਨੇ ਇਕ ਬਿਆਨ ਵਿਚ ਕਿਹਾ ਕਿ ਗੋਲੀਬਾਰੀ ਸੋਮਵਾਰ ਰਾਤ ਨੂੰ ਓਮਾਨ ਦੀ ਰਾਜਧਾਨੀ ਮਸਕਟ ਦੇ ਵਾਦੀ ਕਬੀਰ ਇਲਾਕੇ ਵਿਚ ਹੋਈ। ਓਮਾਨ ਦੀ ਸਰਕਾਰੀ ਨਿਊਜ਼ ਏਜੰਸੀ ਨੇ ਦੱਸਿਆ ਕਿ ਤਿੰਨ ਹਮਲਾਵਰ ਮਾਰੇ ਗਏ ਹਨ। ਏਜੰਸੀ ਨੇ ਦੱਸਿਆ ਕਿ ਇਸ ਘਟਨਾ 'ਚ ਵੱਖ-ਵੱਖ ਦੇਸ਼ਾਂ ਦੇ 30 ਨਾਗਰਿਕ ਜ਼ਖਮੀ ਹੋਏ ਹਨ। ਜਾਣਕਾਰੀ ਮੁਤਾਬਕ ਆਈ.ਐੱਸ.ਆਈ.ਐੱਸ ਜਥੇਬੰਦੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਗੋਲੀਬਾਰੀ ਦੀ ਘਟਨਾ ਆਸ਼ੂਰਾ ਦੀ ਸ਼ਾਮ ਨੂੰ ਵਾਪਰੀ। ਆਸ਼ੂਰਾ ਪੈਗੰਬਰ ਮੁਹੰਮਦ ਦੇ ਪੋਤੇ ਇਮਾਮ ਹੁਸੈਨ ਦੀ ਸ਼ਹਾਦਤ ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਉਹ ਇਮਾਮ ਬਾਰਗਾਹ ਅਲੀ ਬਿਨ ਅਬੂ ਤਾਲਿਬ ਮਸਜਿਦ 'ਤੇ ਕਾਇਰਾਨਾ ਅੱਤਵਾਦੀ ਹਮਲੇ ਦੀ ਸਖਤ ਨਿੰਦਾ ਕਰਦਾ ਹੈ। ਪਾਕਿਸਤਾਨ ਦੇ ਸੂਚਨਾ ਦਫ਼ਤਰ ਵੱਲੋਂ ਜਾਰੀ ਇਕ ਵੱਖਰੇ ਬਿਆਨ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਖੁਸ਼ੀ ਹੈ ਕਿ ਓਮਾਨ ਸਰਕਾਰ ਨੇ ਹਮਲਾਵਰਾਂ ਨੂੰ ਮਾਰ ਦਿੱਤਾ ਹੈ ਅਤੇ ਪਾਕਿਸਤਾਨ ਨੇ ਮੁਹੱਰਮ ਦੇ ਪਵਿੱਤਰ ਮਹੀਨੇ ਵਿਚ ਇਸ ਘਿਨਾਉਣੇ ਅਪਰਾਧ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਮਦਦ ਦੀ ਪੇਸ਼ਕਸ਼ ਕੀਤੀ ਹੈ।

# ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਹੋਇਆ ਕੋਰੋਨਾ



ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਕੋਰੋਨਾ ਪਾਜ਼ੇਟਿਵ ਪਾਏ ਗਏ ਹਨ। ਲਾਸ ਵੇਗਾਸ ਵਿੱਚ ਯੂਨੀਡੋਸਸ ਕਾਨਫਰੰਸ ਵਿੱਚ ਉਨ੍ਹਾਂ ਦੇ ਭਾਸ਼ਣ ਤੋਂ ਪਹਿਲਾਂ ਉਨ੍ਹਾਂ ਦਾ ਕੋਵਿਡ ਲਈ ਟੈਸਟ ਕੀਤਾ ਗਿਆ ਸੀ, ਜਿਸ ਵਿੱਚ ਉਹ ਪਾਜ਼ੇਟਿਵ ਪਾਏ ਗਏ ਸਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕਰੀਨ ਜੀਨ ਪੀਅਰੇ ਨੇ ਇਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਨੂੰ ਕੋਵਿਡ ਦਾ ਟੀਕਾ ਲਗਾਇਆ ਗਿਆ ਹੈ। ਉਨ੍ਹਾਂ 'ਚ ਹਲਕੇ ਲੱਛਣ ਨਜ਼ਰ ਆ ਰਹੇ ਹਨ। ਉਹ ਡੇਲਾਵੇਅਰ ਵਾਪਸ ਪਰਤ ਆਉਣਗੇ, ਜਿੱਥੇ ਉਹ ਸਵੈ-ਕੁਆਰੰਟੀਨ ਵਿੱਚ ਰਹਿਣਗੇ ਪ੍ਰੈਸ ਸਕੱਤਰ ਨੇ ਇਹ ਵੀ ਕਿਹਾ ਕਿ ਇਸ ਦੌਰਾਨ ਉਹ ਆਪਣੀ ਸਾਰੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਰਹਿਣਗੇ। ਵ੍ਹਾਈਟ ਹਾਊਸ ਰਾਸ਼ਟਰਪਤੀ ਦੇ ਰੁਤਬੇ 'ਤੇ ਨਿਯਮਤ ਅਪਡੇਟ ਪ੍ਰਦਾਨ ਕਰੇਗਾ।

# ਪੈਨ ਅਮਰੀਕਨ ਮਾਸਟਰ ਗੇਮਜ਼ ਵਿੱਚ ਫਰਿਜਨੋ ਦੇ ਗੁਰਬਖ਼ਸ਼ ਸਿੰਘ ਸਿੱਧੂ ਨੇ ਜਿੱਤਿਆ ਗੋਲਡ ਮੈਡਲ



ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਕੋਰੋਨਾ ਪਾਜ਼ੇਟਿਵ ਪਾਏ ਗਏ ਹਨ। ਲਾਸ ਵੇਗਾਸ ਵਿੱਚ ਯੂਨੀਡੋਸਸ ਕਾਨਫਰੰਸ ਵਿੱਚ ਉਨ੍ਹਾਂ ਦੇ ਭਾਸ਼ਣ ਤੋਂ ਪਹਿਲਾਂ ਉਨ੍ਹਾਂ ਦਾ ਕੋਵਿਡ ਲਈ ਟੈਸਟ ਕੀਤਾ ਗਿਆ ਸੀ, ਜਿਸ ਵਿੱਚ ਉਹ ਪਾਜ਼ੇਟਿਵ ਪਾਏ ਗਏ ਸਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕਰੀਨ ਜੀਨ ਪੀਅਰੇ ਨੇ ਇਸ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਨੂੰ ਕੋਵਿਡ ਦਾ ਟੀਕਾ ਲਗਾਇਆ ਗਿਆ ਹੈ। ਉਨ੍ਹਾਂ 'ਚ ਹਲਕੇ ਲੱਛਣ ਨਜ਼ਰ ਆ ਰਹੇ ਹਨ। ਉਹ ਡੇਲਾਵੇਅਰ ਵਾਪਸ ਪਰਤ ਆਉਣਗੇ, ਜਿੱਥੇ ਉਹ ਸਵੈ-ਕੁਆਰੰਟੀਨ ਵਿੱਚ ਰਹਿਣਗੇ ਪ੍ਰੈਸ ਸਕੱਤਰ ਨੇ ਇਹ ਵੀ ਕਿਹਾ ਕਿ ਇਸ ਦੌਰਾਨ ਉਹ ਆਪਣੀ ਸਾਰੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਰਹਿਣਗੇ। ਵ੍ਹਾਈਟ ਹਾਊਸ ਰਾਸ਼ਟਰਪਤੀ ਦੇ ਰੁਤਬੇ 'ਤੇ ਨਿਯਮਤ ਅਪਡੇਟ ਪ੍ਰਦਾਨ ਕਰੇਗਾ।ਇਹ ਖੇਡਾਂ 12 ਜੁਲਾਈ ਤੋਂ 21 ਜੁਲਾਈ ਤੱਕ ਕਲੀਵਲੈਂਡ ਓਹਾਇਓ ਵਿੱਚ ਹੋ ਰਹੀਆਂ ਹਨ। ਗੁਰਬਖ਼ਸ਼ ਸਿੰਘ ਸਿੱਧੂ ਨੇ 15 ਜੁਲਾਈ ਨੂੰ ਹੋਏ, ਹੈਮਰ ਥਰੋ ਈਵੈਂਟ ਵਿੱਚ ਹਿੱਸਾ ਲਿਆ ਅਤੇ 35.62 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਇਨ੍ਹਾਂ ਖੇਡਾਂ ਵਿੱਚ 70 ਦੇਸ਼ਾਂ ਦੇ ਐਥਲੀਟ 24 ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ। ਇਨ੍ਹਾਂ ਖੇਡਾਂ ਲਈ ਅਮਰੀਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਫਰਾਂਸ, ਜਰਮਨੀ, ਫਿਨਲੈਂਡ, ਮੈਕਸੀਕੋ, ਪੇਰੂ, ਹਾਉਂਡੁਰਾਸ, ਭਾਰਤ ਅਤੇ ਹੋਰ ਦੇਸ਼ਾਂ ਤੋਂ ਲਗਭਗ 4000 ਐਥਲੀਟ ਪਹੁੰਚੇ ਹੋਏ ਹਨ। ਗੁਰਬਖ਼ਸ਼ ਸਿੰਘ ਸਿੱਧੂ ਦੀ ਇਸ ਪ੍ਰਾਪਤੀ ਤੇ ਪੰਜਾਬੀ ਭਾਈਚਾਰੇ ਦੇ ਨਾਲ ਨਾਲ ਫਰਿਜਨੋ ਦੇ ਗੋਰੇ ਵੀ ਮਾਣ ਕਰ ਰਹੇ ਹਨ।

# 7 ਦਿਨਾਂ 'ਚ ਦੇਖੇ ਦੁਨੀਆ ਦੇ ਸੱਤ ਅਜੂਬੇ, ਤੋੜਿਆ ਪਿਛਲਾ ਰਿਕਾਰਡ




ਮਿਸਰ ਦੇ ਮੈਗਡੀ ਆਇਸਾ ਨੇ 7 ਦਿਨਾਂ ਤੋਂ ਵੀ ਘੱਟ ਸਮੇਂ ਵਿੱਚ ਦੁਨੀਆ ਦੇ ਸਾਰੇ 7 ਅਜੂਬਿਆਂ ਨੂੰ ਦੇਖ ਕੇ ਨਵਾਂ ਵਿਸ਼ਵ ਰਿਕਾਰਡ ਬਣਾਇਆ। 45 ਸਾਲ ਦੇ ਮੈਗਡੀ ਨੇ 6 ਦਿਨ, 11 ਘੰਟੇ ਅਤੇ 52 ਮਿੰਟ 'ਚ ਸਾਰੇ 7 ਅਜੂਬਿਆਂ ਨੂੰ ਦੇਖਿਆ। ਜੋ ਕਿ ਪਿਛਲੇ ਸਾਲ ਇੰਗਲੈਂਡ ਦੇ ਜੈਮੀ ਮੈਕਡੋਨਲਡ ਦੁਆਰਾ ਬਣਾਏ ਰਿਕਾਰਡ ਨਾਲੋਂ ਸਾਢੇ ਚਾਰ ਘੰਟੇ ਤੇਜ਼ ਹੈ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਮੈਗਡੀ ਨੇ ਬਹੁਤ ਸਮਝਦਾਰੀ ਨਾਲ ਆਪਣੀ ਯਾਤਰਾ ਦੌਰਾਨ ਸਿਰਫ ਜਨਤਕ ਆਵਾਜਾਈ ਦੀ ਵਰਤੋਂ ਕੀਤੀ। ਮੈਗਡੀ ਨੇ ਯਾਤਰਾ ਦੀ ਸ਼ੁਰੂਆਤ ਦਿ ਗ੍ਰੇਟ ਵਾਲ ਆਫ ਚਾਈਨਾ ਨਾਲ ਕੀਤੀ। ਉਸ ਮਗਰੋਂ ਆਗਰਾ ਦੇ ਤਾਜਮਹਿਲ, ਜਾਰਡਨ ਦੇ ਪ੍ਰਾਚੀਨ ਸ਼ਹਿਰ ਪੇਟ੍ਰਾ, ਰੋਮ ਦੇ ਕੋਲੋਸੀਅਮ, ਬ੍ਰਾਜ਼ੀਲ ਦੇ ਕ੍ਰਾਈਸਟ ਦ ਰਿਡੀਮਰ, ਪੇਰੂ ਦੇ ਮਾਚੂ ਪਿਚੂ ਅਤੇ ਮੈਕਸੀਕੋ ਦੇ ਚੀਚੇਨ ਇਟਾਜ਼ਾ ਪਹੁੰਚ ਕੇ ਚੁਣੌਤੀ ਨੂੰ ਪੂਰਾ ਕੀਤਾ।

## ਇੱਕ ਗ਼ਲਤੀ ਪੈਂਦੀ ਭਾਰੀ

ਵਿਸ਼ਵ ਰਿਕਾਰਡ ਬਣਾਉਣ 'ਤੇ ਮੈਗਡੀ ਨੇ ਕਿਹਾ ਕਿ ਮੈਂ ਰਿਕਾਰਡ ਬਣਾਉਣ ਲਈ ਬਹੁਤ ਖੁਸ਼ਕਿਸਮਤ ਸੀ। ਅਸਲ ਵਿੱਚ ਸਭ ਤੋਂ ਔਖਾ ਕੰਮ ਸੱਤ ਅਜੂਬਿਆਂ ਤੱਕ ਪਹੁੰਚਣ ਲਈ ਰਸਤੇ ਅਤੇ ਯਾਤਰਾ ਦੇ ਢੰਗ ਦੀ ਚੋਣ ਕਰਨਾ ਸੀ। ਇਹ ਫ਼ੈਸਲਾ ਕਰਨ ਵਿੱਚ ਡੇਢ ਸਾਲ ਲੱਗ ਗਿਆ। ਇਹ ਉਡਾਣਾਂ, ਰੇਲਾਂ, ਬੱਸਾਂ ਅਤੇ ਸਬਵੇਅ ਦੇ ਇੱਕ ਨੈਟਵਰਕ ਵਾਂਗ ਸੀ। ਜੇਕਰ ਮੇਰੀ ਇਕ ਵੀ ਬੱਸ, ਫਲਾਈਟ ਜਾਂ ਰੇਲਗੱਡੀ ਖੁੰਝ ਜਾਂਦੀ, ਤਾਂ ਸਾਰਾ ਪ੍ਰੋਗਰਾਮ ਪਟੜੀ ਤੋਂ ਉਤਰ ਜਾਂਦਾ ਅਤੇ ਮੈਨੂੰ ਘਰ ਵਾਪਸ ਜਾਣਾ ਪੈਂਦਾ।


# ਨਾਸਾ ਨੇ ਚੰਦਰਮਾ 'ਤੇ ਲੈਂਡਰ ਭੇਜਣ ਦਾ ਮਿਸ਼ਨ ਕੀਤਾ ਰੱਦ



ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਕਿਹਾ ਕਿ ਵਧਦੀ ਲਾਗਤ ਅਤੇ ਲਾਂਚ 'ਚ ਦੇਰੀ ਕਾਰਨ, ਪਾਣੀ ਦੀ ਖੋਜ ਲਈ ਚੰਦਰਮਾ 'ਤੇ ਰੋਵਰ ਭੇਜਣ ਦੇ ਮਿਸ਼ਨ ਨੂੰ ਰੱਦ ਕਰ ਰਿਹਾ ਹੈ। ਪੁਲਾੜ ਏਜੰਸੀ ਨੇ ਬੁੱਧਵਾਰ ਨੂੰ ਕਿਹਾ ਕਿ 'ਵਾਈਪਰ' ਰੋਵਰ ਨੂੰ 'ਐਸਟ੍ਰੋਬੋਟਿਕ ਟੈਕਨਾਲੋਜੀ' ਦੁਆਰਾ ਪ੍ਰਦਾਨ ਕੀਤੇ ਗਏ ਲੈਂਡਰ ਰਾਹੀਂ 2023 ਦੇ ਅੰਤ ਤੱਕ ਲਾਂਚ ਕੀਤਾ ਜਾਣਾ ਸੀ, ਪਰ ਵਾਧੂ ਟੈਸਟਿੰਗ ਅਤੇ ਲਾਗਤ ਵਧਣ ਕਾਰਨ ਮਿਸ਼ਨ ਵਿੱਚ ਦੇਰੀ ਹੋ ਗਈ ਹੈ, ਜਿਸ ਨਾਲ ਹੋਰਨਾਂ 'ਤੇ ਦਬਾਅ ਪਿਆ ਹੈ। ਪ੍ਰੋਜੈਕਟਾਂ ਦਾ ਖ਼ਤਰਾ ਵੱਧ ਰਿਹਾ ਹੈ। ਨਾਸਾ ਨੇ ਕਿਹਾ ਕਿ ਰੋਵਰ ਦਾ ਮਕਸਦ ਚੰਦਰਮਾ ਦੇ ਦੱਖਣੀ ਧਰੁਵ ਦੀ ਖੋਜ ਕਰਨਾ ਸੀ। ਇਸ ਦੇ ਵਿਕਾਸ 'ਤੇ ਹੁਣ ਤੱਕ ਲਗਭਗ 45 ਕਰੋੜ ਡਾਲਰ ਖਰਚ ਕੀਤੇ ਜਾ ਚੁੱਕੇ ਹਨ। ਇਹ ਐਲਾਨ ਅਪੋਲੋ 11 ਮਿਸ਼ਨ ਦੀ 55ਵੀਂ ਵਰ੍ਹੇਗੰਢ ਤੋਂ ਕੁਝ ਦਿਨ ਪਹਿਲਾਂ ਕੀਤਾ ਗਿਆ ਹੈ। ਅਪੋਲੋ 11 20 ਜੁਲਾਈ 1969 ਨੂੰ ਨੀਲ ਆਰਮਸਟ੍ਰਾਂਗ ਅਤੇ ਬਜ਼ ਐਲਡਰਿਨ ਨੂੰ ਲੈ ਕੇ ਚੰਦਰਮਾ 'ਤੇ ਪਹੁੰਚਿਆ। ਨਾਸਾ ਨੇ ਕਿਹਾ ਕਿ ਉਹ ਹੋਰ ਪ੍ਰੋਜੈਕਟਾਂ ਰਾਹੀਂ ਚੰਦਰਮਾ 'ਤੇ ਬਰਫ਼ ਦੀ ਮੌਜੂਦਗੀ ਦਾ ਅਧਿਐਨ ਕਰਨ ਦੀ ਯੋਜਨਾ ਬਣਾ ਰਿਹਾ ਹੈ। ਐਸਟ੍ਰੋਬੋਟਿਕ ਅਜੇ ਵੀ ਅਗਲੇ ਸਾਲ ਦੇ ਅੰਤ ਤੱਕ ਆਪਣੇ ਗ੍ਰਿਫਿਨ ਚੰਦਰਮਾ ਲੈਂਡਰ ਨੂੰ ਲਾਂਚ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਝਾਰਖੰਡ ਦੇ ਮਸ਼ਹੂਰ ਮੰਦਰ |


ਪੂਰਬੀ ਭਾਰਤ ਵਿੱਚ ਹਰੇ-ਭਰੇ ਲੈਂਡਸਕੇਪਾਂ ਅਤੇ ਰੋਲਿੰਗ ਪਹਾੜੀਆਂ ਦੇ ਪਿਛੋਕੜ ਵਿੱਚ ਸਥਿਤ, ਝਾਰਖੰਡ ਸੱਭਿਆਚਾਰ, ਇਤਿਹਾਸ ਅਤੇ ਅਧਿਆਤਮਿਕਤਾ ਦੀ ਇੱਕ ਅਮੀਰ ਟੇਪਸਟਰੀ ਨਾਲ ਇਸ਼ਾਰਾ ਕਰਦਾ ਹੈ। ਸਦੀਆਂ ਪੁਰਾਣੀਆਂ ਪਰੰਪਰਾਵਾਂ ਵਿੱਚ ਘਿਰੇ ਮੰਦਰਾਂ ਨਾਲ ਭਰਪੂਰ ਇਹ ਰਾਜ ਆਪਣੇ ਲੋਕਾਂ ਦੀ ਅਟੁੱਟ ਸ਼ਰਧਾ ਦਾ ਪ੍ਰਮਾਣ ਹੈ। ਇਸ ਲੇਖ ਵਿੱਚ, ਅਸੀਂ ਝਾਰਖੰਡ ਦੇ ਸੁੰਦਰ ਭੂਮੀ ਨੂੰ ਦਰਸਾਉਣ ਵਾਲੇ ਵਿਭਿੰਨ ਅਤੇ ਪਵਿੱਤਰ ਮੰਦਰਾਂ ਨੂੰ ਉਜਾਗਰ ਕਰਨ ਲਈ ਇੱਕ ਅਧਿਆਤਮਿਕ ਯਾਤਰਾ ਸ਼ੁਰੂ ਕਰਦੇ ਹਾਂ।



ਦੁਮਕਾ ਜ਼ਿਲੇ ਦੇ ਦਿਲ ਵਿੱਚ, ਬਾਸੁਕੀਨਾਥ ਧਾਮ ਭਗਵਾਨ ਸ਼ਿਵ ਦੇ ਸ਼ਰਧਾਲੂਆਂ ਲਈ ਇੱਕ ਪਵਿੱਤਰ ਸਥਾਨ ਵਜੋਂ ਉੱਭਰਦਾ ਹੈ। ਮੰਦਿਰ ਦੀ ਅਧਿਆਤਮਿਕ ਮਹੱਤਤਾ ਤਾਲਬੱਧ ਗੀਤਾਂ ਅਤੇ ਪ੍ਰਾਚੀਨ ਰੀਤੀ ਰਿਵਾਜਾਂ ਵਿੱਚ ਗੂੰਜਦੀ ਹੈ ਜੋ ਇਸਦੇ ਪਵਿੱਤਰ ਹਾਲਾਂ ਵਿੱਚ ਗੂੰਜਦੇ ਹਨ। ਆਰਕੀਟੈਕਚਰ, ਪੱਥਰ ਵਿੱਚ ਉੱਕਰੀ ਹੋਈ ਸ਼ਰਧਾ ਦਾ ਇੱਕ ਸਿੰਫਨੀ, ਸ਼ਰਧਾਲੂਆਂ ਲਈ ਦੁਨਿਆਵੀ ਤੋਂ ਪਵਿੱਤਰ ਤੱਕ ਜਾਣ ਲਈ ਇੱਕ ਪੋਰਟਲ ਬਣ ਜਾਂਦੀ ਹੈ, ਮਨੁੱਖਤਾ ਅਤੇ ਬ੍ਰਹਮਤਾ ਵਿਚਕਾਰ ਸਦੀਵੀ ਸਬੰਧ ਦਾ ਪ੍ਰਮਾਣ।



ਰਾਂਚੀ ਦੇ ਗਲੇ ਵਿੱਚ, ਜਗਨਨਾਥ ਮੰਦਿਰ ਸ਼ਰਧਾ ਦੇ ਵਿਸਤ੍ਰਿਤ ਪੈਲੇਟ ਲਈ ਇੱਕ ਸ਼ਰਧਾਂਜਲੀ ਹੈ। ਪ੍ਰਸਿੱਧ ਪੁਰੀ ਮੰਦਿਰ ਦੇ ਬਾਅਦ ਤਿਆਰ ਕੀਤਾ ਗਿਆ, ਇਹ ਆਰਕੀਟੈਕਚਰਲ ਰਤਨ ਇੱਕ ਕੈਨਵਸ ਬਣ ਜਾਂਦਾ ਹੈ ਜਿੱਥੇ ਅਧਿਆਤਮਿਕ ਹੁਲਾਰਾ ਕਲਾਤਮਕ ਚਮਕ ਨਾਲ ਮੇਲ ਖਾਂਦਾ ਹੈ। ਰੱਥ ਯਾਤਰਾ ਅਤੇ ਮੰਦਰ ਦੇ ਸ਼ਾਨਦਾਰ ਆਰਕੀਟੈਕਚਰ ਦੇ ਖੁਸ਼ਹਾਲ ਰੰਗਾਂ ਦੇ ਵਿਚਕਾਰ, ਸਾਧਕ ਅਤੇ ਦਰਸ਼ਕ ਆਪਣੇ ਆਪ ਨੂੰ ਵਿਸ਼ਵਾਸ ਦੇ ਸ਼ਾਨਦਾਰ ਜਸ਼ਨ ਵਿੱਚ ਡੁੱਬੇ ਹੋਏ ਪਾਉਂਦੇ ਹਨ। ਜੇਕਰ ਤੁਸੀਂ ਝਾਰਖੰਡ ਵਿੱਚ ਜਗਨਨਾਥ ਮੰਦਿਰ ਤੱਕ ਪਹੁੰਚਣ ਬਾਰੇ ਸੋਚ ਰਹੇ ਹੋ, ਤਾਂ ਇਹ ਯਾਤਰਾ ਤੁਹਾਨੂੰ ਅਧਿਆਤਮਿਕਤਾ ਅਤੇ ਸੱਭਿਆਚਾਰ ਦੇ ਇੱਕ ਜੀਵੰਤ ਲਾਂਘੇ ਵੱਲ ਲੈ ਜਾਵੇਗੀ, ਜਿੱਥੇ ਸ਼ਰਧਾ ਅਤੇ ਕਲਾਤਮਕਤਾ ਸਹਿਜ ਰੂਪ ਵਿੱਚ ਰਲਦੀ ਹੈ।



ਝਾਰਖੰਡ ਦੇ ਸਾਹਿਬਗੰਜ ਜ਼ਿਲੇ ਵਿੱਚ ਸਥਿਤ, ਬਿੰਦੂਧਾਮ, ਬਿੰਦੂਵਾਸਨੀ ਪਹਾੜੀਆਂ ਦੇ ਉੱਪਰ ਬਰਹਰਵਾ ਵਿਖੇ ਸਥਿਤ, ਸਥਾਨਕ ਲੋਕਾਂ ਦੁਆਰਾ ਪਿਆਰੇ ਤੀਰਥ ਸਥਾਨ ਵਜੋਂ ਖੜ੍ਹਾ ਹੈ। ਹਾਲਾਂਕਿ ਇਸਦੀ ਸਹੀ ਸ਼ੁਰੂਆਤ ਵਿਵਾਦਗ੍ਰਸਤ ਹੈ, ਇਹ ਮੰਦਰ, ਦੇਵੀ ਲਕਸ਼ਮੀ, ਦੇਵੀ ਦੁਰਗਾ ਅਤੇ ਦੇਵੀ ਸਰਸਵਤੀ ਨੂੰ ਸਮਰਪਿਤ ਹੈ, ਹਜ਼ਾਰਾਂ ਸਾਲ ਪੁਰਾਣੀ ਵਿਰਾਸਤ ਰੱਖਦਾ ਹੈ। ਸਥਾਨਕ ਲੋਕ-ਕਥਾਵਾਂ ਦੱਸਦੀਆਂ ਹਨ ਕਿ ਮੰਦਰ ਦਾ ਨਿਸ਼ਾਨ ਹੈ ਜਿੱਥੇ ਦੇਵੀ ਸਰੀ ਦੇ ਖੂਨ ਦੀਆਂ ਤਿੰਨ ਬੂੰਦਾਂ ਡਿੱਗੀਆਂ ਸਨ। ਅੱਜ, ਇਹ ਹਰ ਸਾਲ ਹਜ਼ਾਰਾਂ ਸ਼ਰਧਾਲੂਆਂ ਨੂੰ ਇਸ਼ਾਰਾ ਕਰਦਾ ਹੈ, ਰੂਹਾਨੀ ਤਸੱਲੀ ਅਤੇ ਭਗਵਾਨ ਹਨੂੰਮਾਨ ਦੇ ਪੈਰਾਂ ਦੇ ਨਿਸ਼ਾਨ ਅਤੇ ਉਸਦੀ 35-ਫੁੱਟ ਦੀ ਸ਼ਾਨਦਾਰ ਮੂਰਤੀ ਦੀ ਝਲਕ ਪੇਸ਼ ਕਰਦਾ ਹੈ। ਬਿੰਦੂਧਾਮ ਦਾ ਆਕਰਸ਼ਣ ਨਾ ਸਿਰਫ਼ ਇਸਦੇ ਧਾਰਮਿਕ ਤੱਤ ਵਿੱਚ ਹੈ, ਸਗੋਂ ਇਸਦੇ ਸ਼ਾਨਦਾਰ ਸੁਹਜ ਵਿੱਚ ਵੀ ਹੈ, ਜੋ ਉਹਨਾਂ ਲੋਕਾਂ ਲਈ ਇੱਕ ਪਨਾਹਗਾਹ ਹੈ ਜੋ ਝਾਰਖੰਡ ਦੀ ਛੁਪੀ ਹੋਈ ਸੁੰਦਰਤਾ ਨੂੰ ਉਜਾਗਰ ਕਰਨਾ ਚਾਹੁੰਦੇ ਹਨ, ਸ਼ਾਂਤੀ ਵਿੱਚ ਢਕੇ ਹੋਏ ਹਨ ਜੋ ਸ਼ਨੀਵਾਰ ਨੂੰ ਸੱਚਮੁੱਚ ਕਮਾਲ ਅਤੇ ਅਭੁੱਲ ਬਣਾ ਦਿੰਦਾ ਹੈ।



ਰਾਜਰੱਪਾ ਵਿੱਚ, ਛਿੰਨਮਸਤਾ ਮੰਦਿਰ ਦਾ ਇਤਿਹਾਸ ਅਤੇ ਆਰਕੀਟੈਕਚਰ ਬ੍ਰਹਮ ਬਲੀਦਾਨ ਅਤੇ ਪਰਿਵਰਤਨ ਦੀ ਇੱਕ ਸ਼ਾਨਦਾਰ ਤਸਵੀਰ ਦਾ ਪਰਦਾਫਾਸ਼ ਕਰਦਾ ਹੈ। ਦੇਵੀ ਛਿੰਨਮਸਤਾ ਨੂੰ ਸਮਰਪਿਤ, ਤਾਂਤਰਿਕ ਸ਼ੈਲੀ ਦੀ ਆਰਕੀਟੈਕਚਰ ਉਸ ਦੀ ਰਹੱਸਮਈ ਕਹਾਣੀ ਨੂੰ ਦਰਸਾਉਂਦੀ ਹੈ, ਜੋ ਨਿਰਸਵਾਰਥਤਾ ਅਤੇ ਪਾਰਦਰਸ਼ਤਾ ਨੂੰ ਦਰਸਾਉਂਦੀ ਹੈ। ਇਹ ਮੰਦਿਰ ਇੱਕ ਕੈਨਵਸ ਬਣ ਜਾਂਦਾ ਹੈ ਜਿੱਥੇ ਮਿਥਿਹਾਸ ਅਤੇ ਕਲਾ ਦਾ ਮੇਲ ਹੁੰਦਾ ਹੈ, ਜੀਵਨ ਦੇ ਸਦੀਵੀ ਚੱਕਰਾਂ ਅਤੇ ਬ੍ਰਹਮ ਦੇ ਨਿਰੰਤਰ ਪ੍ਰਵਾਹ ਦੇ ਵਿਚਕਾਰ ਰਹੱਸਵਾਦੀ ਨਾਚ ਨੂੰ ਦੇਖਣ ਲਈ ਸ਼ਰਧਾਲੂਆਂ ਨੂੰ ਸੱਦਾ ਦਿੰਦਾ ਹੈ।

ਰਾਂਚੀ ਦੇ ਅਧਿਆਤਮਿਕ ਉਤਸ਼ਾਹ ਦੇ ਵਿਚਕਾਰ ਸਥਿਤ, ਸ਼੍ਰੀ ਸ਼੍ਰੀ ਕਾਲਿਕਾ ਮਹਾਰਾਣੀ ਮੰਦਿਰ ਭਿਆਨਕ ਦੇਵੀ ਕਾਲੀ ਨੂੰ ਇੱਕ ਸ਼ਾਨਦਾਰ ਸ਼ਰਧਾਂਜਲੀ ਵਜੋਂ ਖੜ੍ਹਾ ਹੈ। ਸਾਲਾਂ ਤੋਂ ਤਿਆਰ ਕੀਤਾ ਗਿਆ, ਇਸਦਾ ਆਰਕੀਟੈਕਚਰ ਪੱਥਰ ਵਿੱਚ ਬੁਣੇ ਹੋਏ ਸ਼ਰਧਾ ਦੀ ਟੇਪਸਟਰੀ ਨੂੰ ਮੂਰਤੀਮਾਨ ਕਰਦਾ ਹੈ, ਖੋਜਕਰਤਾਵਾਂ ਨੂੰ ਬ੍ਰਹਮ ਨਾਰੀ ਊਰਜਾ ਦੀਆਂ ਡੂੰਘਾਈਆਂ ਵਿੱਚ ਜਾਣ ਲਈ ਸੱਦਾ ਦਿੰਦਾ ਹੈ। ਮੰਦਿਰ ਰੀਤੀ ਰਿਵਾਜਾਂ ਨਾਲ ਗੂੰਜਦਾ ਹੈ ਜੋ ਸਮੇਂ ਦੇ ਨਾਲ ਗੂੰਜਦਾ ਹੈ, ਸਮੱਗਰੀ ਅਤੇ ਰਹੱਸਵਾਦੀ ਖੇਤਰਾਂ ਦੇ ਵਿਚਕਾਰ ਇੱਕ ਸਹਿਜ ਸਬੰਧ ਨੂੰ ਬੁਣਦਾ ਹੈ, ਸ਼ਰਧਾ ਦੀ ਸਦੀਵੀ ਲਾਟ ਦਾ ਇੱਕ ਜੀਵੰਤ ਪ੍ਰਮਾਣ।



ਜਿਵੇਂ ਹੀ ਸਵੇਰ ਰਾਂਚੀ ਦੇ ਅਸਮਾਨ ਨੂੰ ਚੁੰਮਦੀ ਹੈ, ਸੂਰਜ ਮੰਦਿਰ ਸੂਰਜ ਦੇਵਤਾ ਦੀ ਸਵਰਗੀ ਯਾਤਰਾ ਲਈ ਇੱਕ ਚਮਕਦਾਰ ਆਗ ਬਣ ਜਾਂਦਾ ਹੈ। ਸ਼ਾਨਦਾਰ ਕੋਨਾਰਕ ਸੂਰਜ ਮੰਦਿਰ ਤੋਂ ਪ੍ਰੇਰਿਤ, ਇਹ ਪੱਥਰ ਵਿੱਚ ਉੱਕਰੀ ਹੋਈ ਸ਼ਰਧਾ ਦਾ ਪ੍ਰਤੀਕ ਬਣ ਜਾਂਦਾ ਹੈ। ਮੰਦਿਰ ਦੀ ਢਾਂਚਾਗਤ ਚਮਕ ਸੂਰਜ ਦੇ ਬ੍ਰਹਿਮੰਡੀ ਮਹੱਤਵ ਦੇ ਨਾਲ ਨਿਰਵਿਘਨ ਅਭੇਦ ਹੋ ਜਾਂਦੀ ਹੈ, ਸ਼ਰਧਾਲੂਆਂ ਅਤੇ ਉਤਸ਼ਾਹੀ ਲੋਕਾਂ ਨੂੰ ਇਮਾਰਤਸਾਜ਼ੀ ਦੇ ਅਜੂਬਿਆਂ ਵਿੱਚ ਸ਼ਾਮਲ ਵਿਸ਼ਵਾਸ ਦੀ ਵਿਸ਼ਾਲਤਾ ਨੂੰ ਦੇਖਣ ਲਈ ਸੱਦਾ ਦਿੰਦੀ ਹੈ। ਝਾਰਖੰਡ ਦੇ ਮੰਦਰਾਂ ਦੇ ਨੇੜੇ ਚੋਟੀ ਦੇ ਸੈਰ-ਸਪਾਟੇ ਦੇ ਆਕਰਸ਼ਣਾਂ ਦੀ ਪੜਚੋਲ ਕਰਨਾ ਇਸ ਅਧਿਆਤਮਿਕ ਯਾਤਰਾ ਲਈ ਇੱਕ ਭਰਪੂਰ ਪਹਿਲੂ ਜੋੜਦਾ ਹੈ, ਜਿੱਥੇ ਬ੍ਰਹਮਤਾ ਅਤੇ ਧਰਤੀ ਦੀ ਸੁੰਦਰਤਾ ਦਾ ਸੰਯੋਜਨ ਖੋਜਕਰਤਾਵਾਂ ਅਤੇ ਖੋਜਕਰਤਾਵਾਂ ਲਈ ਇੱਕ ਸੰਪੂਰਨ ਅਨੁਭਵ ਪ੍ਰਦਾਨ ਕਰਦਾ ਹੈ।




ਰਾਂਚੀ ਵਿੱਚ ਇੱਕ ਹਰੀ ਪਹਾੜੀ ਉੱਤੇ ਸਥਿਤ, ਪਹਾੜੀ ਮੰਦਰ ਇੱਕ ਅਧਿਆਤਮਿਕ ਪਨਾਹ ਦੇ ਰੂਪ ਵਿੱਚ ਉੱਭਰਦਾ ਹੈ ਜੋ ਧਰਤੀ ਅਤੇ ਈਥਰਿਅਲ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਦਾ ਹੈ। ਮੰਦਰ ਦੀ ਸਾਦੀ ਪਰ ਸ਼ਾਨਦਾਰ ਆਰਕੀਟੈਕਚਰ ਸ਼ਰਧਾ ਦੀ ਗੂੰਜ ਨਾਲ ਗੂੰਜਦੀ ਹੈ। ਜਿਵੇਂ ਹੀ ਸ਼ਰਧਾਲੂ ਭਗਤੀ ਦੇ ਮਾਰਗ 'ਤੇ ਚੜ੍ਹਦੇ ਹਨ, ਹਰ ਕਦਮ ਬ੍ਰਹਮ ਲਈ ਇੱਕ ਭੇਟ ਬਣ ਜਾਂਦਾ ਹੈ, ਸ਼ਹਿਰ ਦੀ ਟੇਪਸਟ੍ਰੀ ਦੇ ਇੱਕ ਸ਼ਾਨਦਾਰ ਪੈਨੋਰਾਮਾ ਵਿੱਚ ਸਮਾਪਤ ਹੁੰਦਾ ਹੈ, ਜਿੱਥੇ ਭੌਤਿਕ ਅਤੇ ਅਧਿਆਤਮਿਕ ਖੇਤਰ ਇੱਕਸੁਰਤਾ ਵਾਲੀ ਏਕਤਾ ਵਿੱਚ ਇਕੱਠੇ ਹੁੰਦੇ ਹਨ। ਫੇਰੀ ਤੋਂ ਪਹਿਲਾਂ ਝਾਰਖੰਡ ਮੰਦਰ ਦੇ ਤਿਉਹਾਰ ਦੇ ਕੈਲੰਡਰ ਦੀ ਜਾਂਚ ਕਰਨਾ ਇਸ ਅਧਿਆਤਮਿਕ ਯਾਤਰਾ ਲਈ ਇੱਕ ਹੋਰ ਵੀ ਜੀਵੰਤ ਪਹਿਲੂ ਜੋੜਦਾ ਹੈ, ਜਿੱਥੇ ਆਕਾਸ਼ੀ ਅਤੇ ਭੂਮੀ ਆਨੰਦਮਈ ਮਿਲਾਪ ਵਿੱਚ ਜਸ਼ਨ ਮਨਾਉਂਦੇ ਹਨ।



ਹਰੀਹਰ ਧਾਮ, ਝਾਰਖੰਡ ਦਾ ਇੱਕ ਮੰਦਰ, ਇੱਕ ਵਿਸ਼ਾਲ ਸ਼ਿਵਲਿੰਗ ਦੁਆਰਾ ਭਗਵਾਨ ਸ਼ਿਵ ਦਾ ਸਤਿਕਾਰ ਕਰਦਾ ਹੈ, ਜੋ ਕਿ 65 ਫੁੱਟ ਉੱਚਾ ਹੈ, ਜੋ ਕਿ ਦੁਨੀਆ ਦਾ ਸਭ ਤੋਂ ਵੱਡਾ ਸ਼ਿਵਲਿੰਗ ਹੈ। ਇਸ ਯਾਦਗਾਰੀ ਮਾਸਟਰਪੀਸ ਦੀ ਸਿਰਜਣਾ ਤਿੰਨ ਦਹਾਕਿਆਂ ਤੱਕ ਫੈਲੀ, ਸਮਰਪਣ ਦਾ ਪ੍ਰਮਾਣ ਹੈ, ਅਤੇ ਇਹ ਝਾਰਖੰਡ ਦੇ ਮੰਦਰਾਂ ਦੇ ਤੁਹਾਡੇ ਅਧਿਆਤਮਿਕ ਦੌਰਿਆਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੋਣੀ ਚਾਹੀਦੀ ਹੈ। 25 ਏਕੜ ਵਿੱਚ ਫੈਲਿਆ, ਇਹ ਮੰਦਰ ਨਦੀ ਦੇ ਗਲੇ ਦੇ ਵਿਚਕਾਰ ਸਥਿਤ ਹੈ। ਇਸ ਦੀ ਪ੍ਰਸਿੱਧੀ ਮਹਾਂ ਸ਼ਿਵਰਾਤਰੀ ਦੇ ਦੌਰਾਨ ਤੀਰਥ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਦੇ ਦਿਲਾਂ ਵਿੱਚ ਟਿਕੀ ਹੋਈ ਹੈ, ਇਸ ਦੀ ਰੂਹਾਨੀ ਆਭਾ ਅਤੇ ਇਸਦੀ ਬ੍ਰਹਮ ਪ੍ਰਤੀਨਿਧਤਾ ਦੀ ਵਿਸ਼ਾਲਤਾ ਦੁਆਰਾ ਇਸ ਪਵਿੱਤਰ ਨਿਵਾਸ ਵੱਲ ਖਿੱਚੀ ਗਈ ਹੈ।



ਬੇਤਲਾ ਨੈਸ਼ਨਲ ਪਾਰਕ ਦੇ ਮਨਮੋਹਕ ਗਲੇ ਦੇ ਵਿਚਕਾਰ, ਦੇਵਰੀ ਮੰਦਿਰ ਪੁਰਾਤਨਤਾ ਅਤੇ ਸ਼ਰਧਾ ਦੇ ਇੱਕ ਸੈਨਿਕ ਵਜੋਂ ਖੜ੍ਹਾ ਹੈ। ਇਹ ਇੱਕ ਆਰਕੀਟੈਕਚਰਲ ਰਤਨ ਵਜੋਂ ਉੱਭਰਦਾ ਹੈ, ਹਰ ਇੱਕ ਪੁਰਾਣੇ ਯੁੱਗ ਦੀ ਇੱਕ ਗੂੰਜਦੀ ਗੂੰਜ ਨੂੰ ਉੱਕਰਦਾ ਹੈ। ਮੰਦਿਰ ਦੇ ਗੁੰਝਲਦਾਰ ਵੇਰਵੇ ਇੱਕ ਸਮਾਂ ਕੈਪਸੂਲ ਬਣ ਜਾਂਦੇ ਹਨ, ਆਧੁਨਿਕ ਖੋਜਕਰਤਾਵਾਂ ਨੂੰ ਕੁਦਰਤ ਦੇ ਸ਼ਾਂਤ ਗਲੇ ਵਿੱਚ ਰਹਿੰਦੇ ਹੋਏ ਇਤਿਹਾਸ ਦੇ ਗਲਿਆਰਿਆਂ ਨੂੰ ਪਾਰ ਕਰਨ ਲਈ ਸੱਦਾ ਦਿੰਦੇ ਹਨ, ਸਮੇਂ ਦੇ ਬੀਤਣ ਦੀ ਇੱਕ ਸ਼ਾਨਦਾਰ ਯਾਦ ਅਤੇ ਵਿਸ਼ਵਾਸ ਦੀ ਅਟੁੱਟ ਭਾਵਨਾ।





ਸ਼ਰਧਾ ਦੀ ਸਦੀਵੀ ਗੂੰਜ ਵਾਂਗ ਉਭਰਦਾ ਹੋਇਆ, ਰਾਂਚੀ ਵਿੱਚ ਨੌਲੱਖਾ ਮੰਦਿਰ ਸਦੀਵੀ ਸ਼ਰਧਾ ਅਤੇ ਆਰਕੀਟੈਕਚਰਲ ਕਿਰਪਾ ਦੀ ਕਹਾਣੀ ਦਾ ਪਰਦਾਫਾਸ਼ ਕਰਦਾ ਹੈ। ਇਸ ਦਾ ਨਾਮ, "ਨੌਲਖਾ," ਇਸ ਦੇ ਪ੍ਰਾਚੀਨ ਮੂਲ ਬਾਰੇ ਫੁਸਫੁਸਾਉਂਦਾ ਹੈ, ਇੱਕ ਅਜਿਹੀ ਰਚਨਾ ਜੋ ਸਮੇਂ ਦੇ ਗਲਿਆਰਿਆਂ ਵਿੱਚ ਗੂੰਜਦੀ ਹੈ। ਮੰਦਰ ਦੀ ਕਲਾਤਮਕਤਾ ਵਿਸ਼ਵਾਸ ਦੀਆਂ ਗੁੰਝਲਦਾਰ ਕਹਾਣੀਆਂ ਨੂੰ ਬੁਣਦੀ ਹੈ, ਜਿੱਥੇ ਹਰ ਪੱਥਰ ਇੱਕ ਕਹਾਣੀਕਾਰ ਬਣ ਜਾਂਦਾ ਹੈ। ਅਤੀਤ ਦਾ ਇਹ ਵਸੀਅਤ ਮਹਿਮਾਨਾਂ ਨੂੰ ਇਤਿਹਾਸ ਦੀ ਵਿਰਾਸਤ ਦੀ ਸ਼ਾਨਦਾਰਤਾ ਨੂੰ ਦੇਖਣ ਲਈ ਸੱਦਾ ਦਿੰਦਾ ਹੈ, ਜਿੱਥੇ ਸ਼ਰਧਾ ਦਾ ਅਮਿੱਟ ਨਿਸ਼ਾਨ ਹਰ ਨੁੱਕਰ ਅਤੇ ਛਾਲੇ ਵਿੱਚ ਉੱਕਰਿਆ ਹੋਇਆ ਹੈ।